A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty

403.861.2253

Vol: 13 No: 289 Website : www.punjabiakhbaar.ca Email: editor@punjabiakhbaar.ca Friday, 10 April 2026

# ਸਿਆਸੀ ਚੰਦਾ - ਭਾਜਪਾ ਦੀ ਚਾਂਦੀ, - 'ਆਪ' ਦਾ ਮੰਦਾ

ਚਰਨਜੀਤ ਭੁੱਲਰ

ਸਿਆਸੀ ਧਿਰਾਂ ਨੂੰ ਮਿਲੇ ਚੰਦੇ 'ਤੇ ਝਾਤ ਮਾਰੀਏ ਤਾਂ ਪੰਜਾਬ ਵਿੱਚੋਂ ਸਭ ਤੋਂ ਵੱਧ ਸਿਆਸੀ ਚੰਦਾ ਲੈਣ 'ਚ ਭਾਜਪਾ ਮੋਹਰੀ ਹੈ ਅਤੇ ਆਮ ਆਦਮੀ ਪਾਰਟੀ ਨੂੰ ਸੂਬੇ 'ਚੋਂ ਮਾਮੂਲੀ ਚੰਦਾ ਮਿਲਿਆ ਹੈ; ਹਾਲਾਂਕਿ ਪੇਂਡੂ ਪੰਜਾਬ ਦੀ ਭਾਜਪਾ ਪ੍ਰਤੀ ਨਰਾਜ਼ਗੀ ਭਾਵੇਂ ਕਿਸੇ ਤੋਂ ਲੁਕੀ ਨਹੀਂ। ਪੰਜਾਬ ਦੇ ਕਾਰਪੋਰੇਟਾਂ ਤੇ ਕਾਰੋਬਾਰੀ ਘਰਾਣਿਆਂ ਨੇ ਭਾਜਪਾ ਦੀ ਝੋਲੀ ਖੁੱਲ੍ਹੇ ਗੱਫੇ ਪਾਏ ਹਨ। ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ ਦੀਆਂ ਲੰਘੇ ਤਿੰਨ ਸਾਲਾਂ ਦੀਆਂ ਰਿਪੋਰਟਾਂ ਦੀ ਘੋਖ ਤੋਂ ਇਹ ਨਵੇਂ ਤੱਥ ਸਾਹਮਣੇ ਆਏ ਹਨ। 2024-25 ਦੌਰਾਨ ਪੰਜਾਬ 'ਚੋਂ ਭਾਜਪਾ ਨੂੰ 60.29 ਕਰੋੜ ਰੁਪਏ ਚੰਦਾ ਮਿਲਿਆ। ਇਕੱਲੇ ਕਾਰਪੋਰੇਟਾਂ ਨੇ ਤਿੰਨੋਂ ਧਿਰਾਂ ਨੂੰ 57.10 ਕਰੋੜ ਰੁਪਏ ਦਾ ਚੰਦਾ ਦਿੱਤਾ, ਜਿਸ 'ਚੋਂ ਵੱਡਾ ਹਿੱਸਾ ਭਾਜਪਾ ਦੇ ਹਿੱਸੇ ਆਇਆ।

ਸੱਤਾ 'ਚ ਹੋਣ ਦੇ ਬਾਵਜੂਦ 'ਆਪ' ਨੂੰ 71 ਲੱਖ ਰੁਪਏ ਚੰਦਾ ਮਿਲਿਆ, ਜਦੋਂ ਕਿ ਸੂਬੇ 'ਚ ਦੂਜੇ ਨੰਬਰ 'ਤੇ ਰਹੀ ਕਾਂਗਰਸ ਨੂੰ 3.73 ਕਰੋੜ ਰੁਪਏ ਮਿਲੇ ਹਨ। ਲੰਘੇ ਤਿੰਨ ਵਰ੍ਹਿਆਂ (2022-23 ਤੋਂ 2024-25) 'ਚ ਭਾਜਪਾ ਨੂੰ ਸਭ ਤੋਂ ਵੱਧ 65.95 ਕਰੋੜ ਰੁਪਏ ਚੰਦਾ ਮਿਲਿਆ, 'ਆਪ' ਨੂੰ 1.27 ਕਰੋੜ ਅਤੇ ਕਾਂਗਰਸ ਨੂੰ 6.71 ਕਰੋੜ ਰੁਪਏ ਚੰਦਾ ਮਿਲਿਆ। ਤਿੰਨ ਸਾਲਾਂ ਦੌਰਾਨ ਪੰਜਾਬ ਦੇ ਇਕੱਲੇ ਕਾਰਪੋਰੇਟਾਂ ਅਤੇ ਕਾਰੋਬਾਰੀਆਂ ਨੇ ਤਿੰਨੋ ਪ੍ਰਮੁੱਖ ਪਾਰਟੀਆਂ ਨੂੰ 62.58 ਕਰੋੜ ਦਾ ਚੰਦਾ ਦਿੱਤਾ ਹੈ, ਵਿਅਕਤੀਗਤ ਤੌਰ 'ਤੇ 11.46 ਕਰੋੜ ਰੁਪਏ ਦਾ ਚੰਦਾ ਦਿੱਤਾ ਗਿਆ ਹੈ। ਗੁਆਂਢੀ ਸੂਬੇ ਹਰਿਆਣਾ 'ਚ ਵੀ ਭਾਜਪਾ ਨੂੰ ਚੰਦੇ ਦੇ ਗੱਫੇ ਮਿਲੇ ਹਨ। ਲੰਘੇ ਤਿੰਨ ਸਾਲਾਂ ਵਿੱਚ ਹਰਿਆਣਾ 'ਚ ਭਾਜਪਾ ਨੂੰ 196.40 ਕਰੋੜ, ਕਾਂਗਰਸ ਨੂੰ 40 ਕਰੋੜ ਰੁਪਏ ਦਾ ਚੰਦਾ ਮਿਲਿਆ ਹੈ।ਆਮ ਆਦਮੀ ਪਾਰਟੀ ਨੂੰ ਹਰਿਆਣਾ 'ਚ ਪੰਜਾਬ ਨਾਲੋਂ ਕਿਤੇ ਵੱਧ ਚੰਦਾ ਮਿਲਿਆ ਹੈ, ਜੋ 12.29 ਕਰੋੜ ਰੁਪਏ ਹੈ। ਹਰਿਆਣਾ ਵਿੱਚ ਤਿੰਨ ਸਾਲਾਂ ਦੌਰਾਨ ਕਾਰਪੋਰੇਟਾਂ ਨੇ ਸਭ ਧਿਰਾਂ ਨੂੰ ਕੁੱਲ 186.31 ਕਰੋੜ ਰੁਪਏ ਚੰਦਾ ਦਿੱਤਾ। ਇਸੇ ਤਰ੍ਹਾਂ ਦਿੱਲੀ 'ਚ ਤਿੰਨ ਸਾਲਾਂ ਦੌਰਾਨ ਭਾਜਪਾ ਨੂੰ 3453.35 ਕਰੋੜ, ਕਾਂਗਰਸ ਨੂੰ 412.15 ਕਰੋੜ ਅਤੇ ਆਮ ਆਦਮੀ ਪਾਰਟੀ ਨੂੰ 37.07 ਕਰੋੜ ਰੁਪਏ ਚੰਦਾ ਮਿਲਿਆ। ਆਮ ਆਦਮੀ ਪਾਰਟੀ ਨੂੰ ਜ਼ਿਆਦਾ ਚੰਦਾ ਪਰਚੂਨ 'ਚ ਮਿਲਿਆ ਹੈ, ਕਾਰਪੋਰੇਟਾਂ ਨੇ ਭਾਜਪਾ ਨੂੰ ਖੁੱਲ੍ਹੇ ਗੱਫੇ ਵਰਤਾਏ ਹਨ। ਸਿਆਸੀ ਵਿਸ਼ਲੇਸ਼ਕ ਪ੍ਰੋ. ਜਗਰੂਪ ਸਿੰਘ ਸੇਖੋਂ ਆਖਦੇ ਹਨ ਕਿ ਸਿਆਸੀ ਚੰਦਾ ਆਮ ਤੌਰ 'ਤੇ ਕਾਰਪੋਰੇਟ ਹੀ ਦਿੰਦੇ ਹਨ, ਜੋ ਹਵਾ ਦਾ ਰੁਖ਼ ਦੇਖ ਕੇ ਹੀ ਵਿੱਤੀ ਮਦਦ ਦਾ ਫ਼ੈਸਲਾ ਕਰਦੇ ਹਨ।

| ਪੰਜਾਬ 'ਚੋਂ ਪ੍ਰਾਪਤ ਸਿਆਸੀ ਚੰਦਾ | | | |
|---|---|---|---|
| ਵਿੱਤੀ ਸਾਲ | ਭਾਜਪਾ | ਕਾਂਗਰਸ | ਆਮ ਆਦਮੀ ਪਾਰਟੀ |
| 2024-25 | 60.29 ਕਰੋੜ | 3.73 ਕਰੋੜ | 71 ਲੱਖ |
| 2023-24 | 5.34 ਕਰੋੜ | 1.92 ਕਰੋੜ | 11.50 ਲੱਖ |
| 2022-23 | 32.12 ਲੱਖ | 1.06 ਕਰੋੜ | 44.60 ਲੱਖ |
| ਕੁੱਲ | 65.95 ਕਰੋੜ | 6.71 ਕਰੋੜ | 1.27 ਕਰੋੜ |

ਸ਼੍ਰੋਮਣੀ ਅਕਾਲੀ ਦਲ ਨੂੰ ਵੀ ਸਾਲ 2024-25 ਦੌਰਾਨ ਪੰਜਾਬ ਵਿੱਚੋਂ 'ਆਪ' ਨਾਲੋਂ ਵੱਧ ਚੰਦਾ ਮਿਲਿਆ ਹੈ। ਚੋਣ ਕਮਿਸ਼ਨ ਦੀ ਰਿਪੋਰਟ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਨੂੰ ਸਾਲ 2024-25 ਦੌਰਾਨ 4.06 ਕਰੋੜ ਦਾ ਚੰਦਾ ਮਿਲਿਆ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਸਭ ਤੋਂ ਵੱਧ ਚੰਦਾ 1.81 ਕਰੋੜ ਔਰਬਿਟ ਰਿਜਾਰਜ ਲਿਮਟਿਡ ਨੇ ਦਿੱਤਾ ਹੈ ਅਤੇ ਔਰਬਿਟ ਏਵੀਏਸ਼ਨ ਨੇ 10 ਲੱਖ ਰੁਪਏ ਦਾ ਚੰਦਾ ਦਿੱਤਾ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪਾਰਟੀ ਨੂੰ ਮਿਲੇ ਚੰਦੇ ਤੋਂ ਇਹ ਸਾਫ਼ ਹੈ ਕਿ ਪੰਜਾਬ ਦੇ ਸਨਅਤ ਮਾਲਕਾਂ ਨੂੰ ਭਾਜਪਾ ਤੋਂ ਹੀ ਉਮੀਦਾਂ ਹਨ। ਸੂਬੇ 'ਚੋਂ ਸਨਅਤੀ ਘਰਾਣੇ ਪਰਵਾਸ ਕਰ ਰਹੇ ਹਨ ਅਤੇ ਇਹ ਰੁਝਾਨ ਇਸ ਗੱਲ ਦਾ ਗਵਾਹ ਹੈ ਕਿ ਸਨਅਤਕਾਰਾਂ ਦਾ ਭਰੋਸਾ ਭਾਜਪਾ 'ਤੇ ਬੱਝਾ ਹੋਇਆ ਹੈ। ਸੂਬੇ 'ਚ ਸਨਅਤੀ ਵਿਕਾਸ ਲਈ ਸਨਅਤਕਾਰਾਂ ਦੀ ਭਾਜਪਾ 'ਤੇ ਟੇਕ ਹੈ।

**ਫੈਡਰਲ ਏਜੰਸੀਆਂ ਦਾ ਡਰ ਵੱਡਾ: ਮੀਤ ਹੇਅਰ**

'ਆਪ' ਦੇ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਭਾਜਪਾ ਦੇ ਖ਼ੌਫ਼ ਕਾਰਨ ਸਨਅਤ ਮਾਲਕਾਂ ਨੂੰ ਮਜਬੂਰੀ ਵੱਸ ਚੰਦਾ ਦੇਣਾ ਪੈਂਦਾ ਹੈ, ਉਦਯੋਗਪਤੀ 'ਆਪ' ਸਰਕਾਰ ਨਾਲ ਅਪਣੱਤ ਰੱਖਦੇ ਹਨ। ਕੇਂਦਰ ਦੀ ਭਾਜਪਾ ਸਰਕਾਰ ਕੋਲ ਫੈਡਰਲ ਏਜੰਸੀਆਂ ਸਭ ਤੋਂ ਵੱਡਾ ਹਥਿਆਰ ਹੈ, ਜਿਸ ਦੇ ਬਲਬੂਤੇ ਸਭ ਕੁੱਝ ਚੱਲਦਾ ਹੈ।ਪੰਜਾਬ 'ਚੋਂ ਪ੍ਰਾਪਤ ਸਿਆਸੀ ਚੰਦਾ-- ਵਿੱਤੀ ਸਾਲ 2024-25 - ਭਾਜਪਾ 60.29 ਕਰੋੜ, ਕਾਂਗਰਸ 3.73 ਕਰੋੜ, ਆਮ ਆਦਮੀ ਪਾਰਟੀ 71 ਲੱਖ--ਵਿੱਤੀ ਸਾਲ 2023-24 - ਭਾਜਪਾ 5.34 ਕਰੋੜ, ਕਾਂਗਰਸ 1.92 ਕਰੋੜ, ਆਮ ਆਦਮੀ ਪਾਰਟੀ 11.50 ਲੱਖ---ਵਿੱਤੀ ਸਾਲ 2022-23 - ਭਾਜਪਾ 32.12 ਲੱਖ, ਕਾਂਗਰਸ 1.06 ਕਰੋੜ, ਆਮ ਆਦਮੀ ਪਾਰਟੀ 44.60 ਲੱਖ----ਕੁੱਲ ਭਾਜਪਾ 65.95 ਕਰੋੜ ਕਾਂਗਰਸ 6.71 ਕਰੋੜ, ਆਮ ਆਦਮੀ ਪਾਰਟੀ 1.27 ਕਰੋੜ

Narmaan Sidhu
Mortgage Expert
License # 510430
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM


ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS

Closets
Wet Bars
Book Shelving
Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE

CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


HARMONY®
HARBOUR
ਜਿੱਥੇ ਹਰ ਮੌਸਮ ਘਰ ਵਰਗਾ ਮਹਿਸੂਸ ਹੁੰਦਾ ਹੈ
ਝੀਲ ਅਤੇ ਬੀਚ। ਗੋਲਫ। ਪਾਰਕ ਅਤੇ ਮਨੋਰੰਜਨ । ਸ਼ਹਿਰ ਅਤੇ ਪਹਾੜ ਵੀ ਨੇੜੇ
ਨਵਾਂ ਫੇਸ
ਹੁਣ ਵੇਚ ਰਹੇ ਹਾਂ !
Starting from the high $500s
ਰਜਿਸਟਰ ਕਰਨ ਲਈ ਹੁਣੇ ਸਕੈਨ ਕਰੋ !
liveinharmony.ca


ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 13 No: 289 Website : www.punjabiakhbaar.ca Email: editor@punjabiakhbaar.ca Friday, 10 April 2026

## ਕੈਲਗਰੀ ਪੁਲਿਸ ਨੇ ਸਾਊਥ ਏਸ਼ੀਅਨ ਭਾਈਚਾਰੇ ਖਿਲਾਫ਼ ਵਾਪਰ ਰਹੇ ਜਬਰਨ ਵਸੂਲੀ ਦੇ ਮਾਮਲਿਆਂ ਵਿੱਚ ਦੂਜੀ ਗ੍ਰਿਫ਼ਤਾਰੀ ਕੀਤੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਪੁਲਿਸ ਦੇ ਗਸ਼ਤ ਕਰ ਰਹੇ ਅਧਿਕਾਰੀਆਂ ਨੇ ਫਾਲਕਨਰਿਜ ਬੁਲੇਵਾਰਡ ਦੇ 7000 ਬਲਾਕ ਵਿੱਚ ਇੱਕ ਵਾਹਨ ਨੂੰ ਟ੍ਰੈਫਿਕ ਉਲੰਘਣਾ ਕਰਦੇ ਹੋਏ ਦੇਖਿਆ, ਜਿਸ ਤੋਂ ਬਾਅਦ ਉਨ੍ਹਾਂ ਨੂੰ ਰੋਕਿਆ ਗਿਆ। ਪੁਲਿਸ ਅਧਿਕਾਰੀਆਂ ਨੂੰ ਸ਼ੱਕ ਹੋਇਆ ਕਿ ਇਹ ਵਾਹਨ 4 ਮਾਰਚ 2026 ਨੂੰ ਸੈਡਲਰਿਜ ਡਰਾਈਵ ਦੇ 800 ਬਲਾਕ ਵਿੱਚ ਹੋਈ ਜਬਰਨ ਵਸੂਲੀ ਨਾਲ ਸਬੰਧਤ ਗੋਲੀਬਾਰੀ ਦੀ ਘਟਨਾ ਵਿੱਚ ਵੀ ਸ਼ਾਮਿਲ ਸੀ , ਜਿਸਤੋਂ ਬਾਅਦ ਪੁਲਿਸ ਵੱਲੋਂ ਵਾਹਨ ਨੂੰ ਜ਼ਬਤ ਕਰ ਲਿਆ ਅਤੇ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਤੋਂ ਬਾਅਦ, ਪੁਲਿਸ ਨੇ 21 ਵਰ੍ਹਿਆਂ ਦੇ ਜਸਕਰਨ ਸਿੰਘ 'ਤੇ ਹਥਿਆਰ ਚਲਾਉਣ ਦਾ ਦੋਸ਼ ਲਗਾਇਆ ਹੈ। ਇਸਤੋਂ ਪਹਿਲਾਂ ਪੁਲਿਸ ਨੇ 45 ਸਾਲਾਂ ਦੇ ਰਾਣਾ ਚੀਮਾ ਨੂੰ ਗ੍ਰਿਫ਼ਤਾਰ ਕਰਕੇ ਉਸ 'ਤੇ ਜਬਰਨ ਵਸੂਲੀ ਅਤੇ ਧਮਕੀਆਂ ਦੇਣ ਦੇ ਦੋਸ਼ ਲਗਾਏ ਗਏ ਸਨ । ਪੁਲਿਸ ਮੁਤਾਬਿਕ ਚੀਮਾ ਵੱਲੋਂ 2 ਡੇਅਕੇਅਰਾਂ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਸੀ । ਇਹ ਮਾਮਲੇ 4 ਮਾਰਚ ਤੋਂ 22 ਮਾਰਚ ਦਰਮਿਆਨ ਵਾਪਰੇ। ਇਨ੍ਹਾਂ ਵਿੱਚ ਘਰ 'ਤੇ ਗੋਲੀਬਾਰੀ, ਕਈ ਥਾਵਾਂ 'ਤੇ ਭੰਨਤੋੜ, ਲੋਕਾਂ ਨੂੰ ਡਰਾਉਣਾ-ਧਮਕਾਉਣਾ ਅਤੇ ਕੈਲਗਰੀ ਤੋਂ ਬਾਹਰ ਦੋ ਡੇਅਕੇਅਰਾਂ 'ਤੇ ਵੀ ਭੰਨਤੋੜ ਦੇ ਮਾਮਲੇ ਸ਼ਾਮਿਲ ਹਨ। ਇਹ ਭੰਨਤੋੜ ਉਸ ਸਮੇਂ ਕੀਤੀ ਗਈ ਜਦੋਂ ਉੱਥੇ ਬੱਚੇ ਮੌਜੂਦ ਨਹੀਂ ਸਨ। ਸੁਪਰਡੈਂਟ ਜੈਫ ਬੈੱਲ ਨੇ ਬੀਤੇ ਦਿਨੀ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਇਹ ਸਾਡੇ ਜਾਂਚਕਰਤਾਵਾਂ ਅਤੇ ਭਾਈਚਾਰੇ ਲਈ ਇੱਕ ਮਹੱਤਵਪੂਰਨ ਜਿੱਤ ਹੈ । ਅਸੀਂ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ, ਹਿੰਸਾ ਨੂੰ ਰੋਕਣ ਅਤੇ ਅਪਰਾਧੀਆਂ ਨੂੰ ਜਵਾਬਦੇਹ ਬਣਾਉਣ ਲਈ ਸਾਰੇ ਕਾਨੂੰਨੀ ਤਰੀਕਿਆਂ ਦੀ ਵਰਤੋਂ ਕਰਦੇ ਹੋਏ ਉਨ੍ਹਾਂ ਦਾ ਲਗਾਤਾਰ ਪਿੱਛਾ ਕਰਾਂਗੇ । ਪੁਲਿਸ ਨਿਊਜ਼ ਰਿਲੀਜ਼ ਦੇ ਅਨੁਸਾਰ, ਜਨਵਰੀ 2025 ਤੋਂ ਕੈਲਗਰੀ ਵਿੱਚ 41 ਜਬਰੀ ਵਸੂਲੀ ਦੀਆਂ ਕੋਸ਼ਿਸ਼ਾਂ ਹੋਈਆਂ ਹਨ। ਪੁਲਿਸ ਨੇ ਕਿਹਾ ਕਿ ਇਨ੍ਹਾਂ ਵਿੱਚੋਂ 18 ਘਟਨਾਵਾਂ ਵਿੱਚ ਘਰਾਂ, ਕਾਰੋਬਾਰਾਂ ਜਾਂ ਵਾਹਨਾਂ 'ਤੇ ਗੋਲੀਬਾਰੀ ਸ਼ਾਮਿਲ ਹੈ।


























# ਡਾਇਨਾਸੋਰ ਦੀ ਵਿਸ਼ਾਲ ਮੂਰਤੀ ਟੰਬਲ ਰਿਜ ਲਿਆਉਣ ਦੀ ਮੰਗ ਕਾਰਨ ਛਿੜੀ ਨਵੀਂ ਚਰਚਾ



ਵੈਨਕੂਵਰ, (ਮਲਕੀਤ ਸਿੰਘ) ਪਿਛਲੇ ਦਿਨੀ ਸਕੂਲ ਚ ਗੋਲੀਬਾਰੀ ਕਾਂਡ ਨਾਲ ਪ੍ਰਭਾਵਿਤ ਹੋਏ ਬ੍ਰਿਟਿਸ਼ ਕੋਲੰਬੀਆ ਦੇ ਟੰਬਲਰ ਰਿਜ ਸ਼ਹਿਰ ਦੀ ਇੱਕ ਮਹਿਲਾ ਨੇ ਅਲਬਰਟਾ ਦੇ ਪ੍ਰਸਿੱਧ ਡਰਮਹੈਲਰ ਵਿੱਚ ਸਥਿਤ ਡਾਇਨਾਸੋਰ ਦੀ ਵਿਸ਼ਾਲ ਟੀ-ਰੈਕਸ ਮੂਰਤੀ ਨੂੰ ਆਪਣੇ ਸ਼ਹਿਰ ਵਿੱਚ ਲਿਆਂਦਾ ਜਾਣ ਦੀ ਮੰਗ ਉਠਾ ਕੇ ਇੱਕ ਨਵੀਂ ਚਰਚਾ ਨੂੰ ਜਨਮ ਦੇ ਦਿੱਤਾ ਹੈ।

ਪ੍ਰਾਪਤ ਜਾਣਕਾਰੀ ਮੁਤਾਬਕ ਜੈਨੀਫਰ ਸਲੈਕ ਨਾਮ ਦੀ ਇਸ ਮਹਿਲਾ ਦਾ ਮੰਨਣਾ ਹੈ ਕਿ ਟੰਬਲਰ ਰਿਜ, ਜੋ ਆਪਣੇ ਡਾਇਨੋਸੋਰਾ ਲਈ ਮਸ਼ਹੂਰ ਹੈ, ਇਸ ਤਰ੍ਹਾਂ ਦੀ ਵੱਡੀ ਆਕਰਸ਼ਕ ਮੂਰਤੀ ਲਈ ਇਕ ਉਚਿਤ ਥਾਂ ਹੋ ਸਕਦੀ ਹੈ। ਜਾਣਕਾਰੀ ਅਨੁਸਾਰ ਡਰਮਹੈਲਰ ਦੀ ਇਹ ਟੀ-ਰੈਕਸ ਮੂਰਤੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਡਾਇਨੋਸੋਰ ਮੂਰਤੀਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ ਅਤੇ ਇਹ ਸਾਲਾਂ ਤੋਂ ਸੈਲਾਨੀਆਂ ਲਈ ਇੱਕ ਵੱਡਾ ਕੇਂਦਰ ਰਹੀ ਹੈ।

ਦੱਸਿਆ ਜਾ ਰਿਹਾ ਹੈ ਕਿ ਜੈਨੀਫਰ ਸਲੈਕ ਦਾ ਮਕਸਦ ਆਪਣੇ ਖੇਤਰ ਵਿੱਚ ਸੈਰ-ਸਪਾਟੇ ਨੂੰ ਹੋਰ ਵਧਾਉਣਾ ਹੈ ਅਤੇ ਉਹ ਮੰਨਦੀ ਹੈ ਕਿ ਇਸ ਤਰ੍ਹਾਂ ਦੀ ਮੂਰਤੀ ਨਾਲ ਟੰਬਲਰ ਰਿਜ ਨੂੰ ਵੱਡਾ ਲਾਭ ਹੋ ਸਕਦਾ ਹੈ।ਹਾਲਾਂਕਿ ਅਜੇ ਤੱਕ ਉਸ ਦੀ ਇਸ ਮੰਗ ’ਤੇ ਕੋਈ ਸਰਕਾਰੀ ਫੈਸਲਾ ਨਹੀਂ ਆਇਆ, ਪਰ ਇਹ ਮਸਲਾ ਲੋਕਾਂ ਵਿੱਚ ਦਿਲਚਸਪੀ ਦਾ ਵਿਸ਼ਾ ਬਣ ਗਿਆ ਹੈ ਅਤੇ ਇਸ ’ਤੇ ਚਰਚਾ ਜਾਰੀ ਹੈ।








ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220




ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store



# ਬਲੈਕਫੁੱਟ ਕਬੀਲੇ ਦੇ ਮਨੁੱਖੀ ਮੱਕੜੀ-ਜਾਲ਼ ਨਾਟ ਦਾ ਸੰਗਮ ’ਤੇ ਪ੍ਰਦਰਸ਼ਨ

27 ਮਾਰਚ ਨੂੰ ਮਾਊਂਟ ਰੋਇਲ ਯੂਨੀਵਰਸਿਟੀ ਦੁਆਰਾ ਸੰਗਮ-ਸਥਲ (Confluence Park Site) ਸੰਸਥਾ ਦੇ ਸਹਿਯੋਗ ਨਾਲ਼ ਬਲੈਕਫੁੱਟ ਮੂਲਨਿਵਾਸੀਆਂ ਦੇ ਰਵਾਇਤੀ ਨਾਟ ‘ਮਨੁੱਖੀ ਮੱਕੜੀ-ਜਾਲ਼’ (Human Spider Web ) ਦੀ ਅਦਭੁਤ ਪੇਸ਼ਕਾਰੀ ਕੀਤੀ ਗਈ। ਸੰਗਮ ਦੇ ਸਥਾਨ ’ਤੇ ਹੋਏ ਇਸ ਪ੍ਰੋਗਰਾਮ ਵਿਚ ਵੱਡੀ ਗਿਣਤੀ ਵਿਚ ਨੇਟਿਵ ਅਤੇ ਗੋਰੇ ਲੋਕਾਂ ਨੇ ਸ਼ਿਰਕਤ ਕੀਤੀ। ਸੰਗਮ-ਸਥਲ ਦੀ ਪ੍ਰਬੰਧਕ ਪਾਉਲਾ ਸਮਿੱਥ ਨੇ ਸੰਚਾਲਕ ਵਜੋਂ ਹਾਜ਼ਰੀਨ ਦਾ ਸੁਆਗਤ ਕੀਤਾ। ਸਿਕਸਿਕਾ ਨੇਸ਼ਨ ਦੇ ਐਲਡਰ ਹੇਡਨ ਮੈਲਟਿੰਗ ਟੈੱਲੋ ਨੇ ਆਪਣੀ ਭਾਸ਼ਾ ਵਿਚ ਪ੍ਰਾਰਥਨਾ ਕਰ ਕੇ ਅਸ਼ੀਰਵਾਦ ਦਿੱਤੀ। ਸੰਗਮ-ਸਥਲ ਦੇ ਆਗੂ ਲਿੰਡਸੀ ਬਰੁਨਜ਼ ਨੇ ਭੂਮੀ-ਕਬੂਲਨਾਮਾ ਦੀ ਰਸਮ ਅਦਾ ਕਰਨ ਮਗਰੋਂ ਕਿਹਾ ਕਿ ਮੌਖਿਕ ਇਤਿਹਾਸ, ਨਕਸ਼ੇ ਅਤੇ ਲਿਖਤੀ ਦਸਤਾਵੇਜ਼ਾਂ ਤੋਂ ਪਤਾ ਲਗਦਾ ਹੈ ਕਿ ਇਹ ਸਥਾਨ ਸਾਡੇ ਲੋਕਾਂ ਲਈ ਅਨੰਤ ਸਮੇਂ ਤੋਂ ਆਰਾਮ ਕਰਨ, ਵਪਾਰ ਕਰਨ, ਆਪਸੀ ਝਗੜੇ ਨਿਬੇੜਨ ਅਤੇ ਤਿਉਹਾਰ ਮਨਾਉਣ ਦਾ ਸਥਾਨ ਰਿਹਾ ਹੈ। ਮਨੁੱਖੀ ਮੱਕੜੀ-ਜਾਲ਼ ਦੀ ਕਹਾਣੀ ਸਾਨੂੰ ਯਾਦ ਕਰਾਉਂਦੀ ਹੈ ਕਿ ਵਿਸ਼ਵ ਦੇ ਅਸੀਂ ਸਾਰੇ ਲੋਕ ਮੱਕੜੀ-ਜਾਲ਼ ਦੀਆਂ ਤੰਦਾਂ ਵਾਂਗ ਇਕ ਦੂਜੇ ਨਾਲ਼ ਜੁੜੇ ਹੋਏ ਹਾਂ। ਇਹ ਬਲੈਕਫੁੱਟ ਲੋਕਾਂ



ਦੀ ਸਿਰਜਣਾ-ਕਹਾਣੀ (Creation Story) ਹੈ ਜੋ ਕਲੀਮੈਂਟ ਬੇਅਰ ਚੀਫ਼ ਨੇ ਸਾਂਝੀ ਕੀਤੀ ਅਤੇ ਐਲਡਰ ਰਾਇ ਬੇਅਰ ਚੀਫ਼ ਨੇ ਦੁਬਾਰਾ ਸੁਣਾਈ। ਦੁਨੀਆਂ ਇਕ ਮੱਕੜੀ-ਜਾਲ਼ ਵਾਂਗ ਹੈ ਜਿਸ ਦੀ ਹਰੇਕ ਤੰਦ ਇਕ ਦੂਜੇ ਇਨਸਾਨ ਨਾਲ਼ ਜੁੜੀ ਹੋਈ ਹੈ। ਜਦੋਂ ਕੋਈ ਇਕ ਤੰਦ ਲਰਜ਼ਦੀ ਹੈ ਤਾਂ ਸਾਰੇ ਤਾਣੇ-ਬਾਣੇ ਅੰਦਰ ਝਰਨਾਹਟ ਛਿੜਦੀ ਹੈ ਭਾਵ ਇਸ ਨੂੰ ਸਾਰੇ ਮਹਿਸੂਸ ਕਰਦੇ ਹਨ। ਜਦੋਂ ਕਿਸੇ ਇਨਸਾਨ, ਪਰਿਵਾਰ, ਸਮਾਜ ਜਾਂ ਭਾਈਚਾਰੇ ਅੰਦਰ ਕੋਈ ਚੁਣੌਤੀ ਆਉਂਦੀ ਹੈ ਤਾਂ ਇਹ ਲਰਜ਼ ਸਾਨੂੰ ਸਭ ਨੂੰ ਚੁਕੰਨੇ ਹੋ ਕੇ ਇਕ ਦੂਜੇ ਦੀ ਮਦਦ ਤੇ ਸੰਭਾਲ ਕਰ ਕੇ ਸਹਾਰਾ ਦੇਣ ਦਾ ਸੱਦਾ ਹੁੰਦੀ ਹੈ। ਡਰੱਮਰ ਫਰੈਂਕ ਟਰਨਿੰਗ ਰੋਬ ਅਤੇ ਸੌਰੱਲ ਰਾਈਡਰਜ਼ ਦੁਆਰਾ ਢੋਲ ’ਤੇ ਡੱਗਾ ਲਾ ਕੇ ਨਾਟ ਦੀ ਨਿਰਦੇਸ਼ਨਾ ਕੀਤੀ ਗਈ। ਕੇਂਦਰ-ਬਿੰਦੂ ਉਪਰ ਢੋਲੀ (ਡਰੱਮਰ), ਇਸ ਦੁਆਲ਼ੇ ਹੇਠਾਂ ਤੋਂ ਉਪਰ ਤਕ ਮਨੁੱਖੀ ਘੇਰੇ ਵਗਲ਼ੇ ਗਏ, ਕੇਂਦਰ ਤੋਂ ਉਪਰਲੇ ਘੇਰੇ ਤਕ ਘੇਰਿਆਂ ਨੂੰ ਜੋੜਨ ਵਾਲ਼ੇ ਅੱਠ ਮਨੁੱਖੀ ਤੰਦ ਬਣਾਏ ਗਏ। ਇਉਂ ਸਾਰਿਆਂ ਨੇ ਇਨ੍ਹਾਂ ਉਪਰ ਖੜ੍ਹੇ ਹੋ ਕੇ ਮਨੁੱਖੀ ਮੱਕੜੀ-ਜਾਲ਼ ਦੀ ਰਚਨਾ ਸਿਰਜ ਦਿੱਤੀ। ਢੋਲ ਤੇ ਡੱਗਾ ਲਗਦਿਆਂ ਵਾਰੀ ਵਾਰੀ ਅੱਠੇ ਤੰਦਾਂ ਮਨੁੱਖੀ ਹਰਕਤਾਂ ਨਾਲ਼ ਲਰਜ਼ ਉੱਠੀਆਂ। ਫਿਰ ਸਾਰੇ ਚੱਕਰ ਬਾਹਾਂ ਹਿਲਾਉਂਦੇ ਹੋਏ ਬਾਹਰਲੇ ਵੱਡੇ ਚੱਕਰ ਵਿਚ ਸ਼ਾਮਲ ਹੋ ਗਏ। ਢੋਲੀਆਂ ਦੇ ਨਾਚ-ਗੀਤ ਦੀ ਤਾਲ ਉੱਤੇ ਸਾਰੇ ਜਣੇ ਨਚਦੇ ਹੋਏ ਇਕ ਦੂਜੇ ਦਾ ਹੱਥ ਫੜ ਕੇ ਵਿਸ਼ਾਲ ਘੇਰੇ ਦੀ ਸ਼ਕਲ ਵਿਚ ਘੁੰਮਦੇ ਰਹੇ। ਬਰਫ਼ ਦੀ ਮੋਟੀ ਤਹਿ ਉਪਰ ਇਹ ਨਜ਼ਾਰਾ ਇਸ ਦਾ ਪ੍ਰਤੀਕ ਸੀ ਕਿ ਕਿਵੇਂ ਸਾਡੇ ਦਰਮਿਆਨ ਊਰਜਾ ਅਤੇ ਸੁਨੇਹੇ ਸਾਂਝੀ ਕੜੀ ਦੁਆਰਾ ਸੰਚਾਰ ਕਰਦੇ ਹਨ, ਕਿਵੇਂ ਸਾਡੇ ਵਿੱਚੋਂ ਹਰੇਕ ਸਮੁੱਚੇ ਤਾਣੇ-ਬਾਣੇ ਦਾ ਇਕ ਤੰਦ ਹੈ। ਇਹ ਸਬਕ ਸੀ ਕਿ ਅਸੀਂ ਆਪਣੇ ਆਲ਼ੇ-ਦੁਆਲ਼ੇ ਦੀਆਂ ਲਰਜ਼ਾਂ ਜਾਂ ਘਟਨਾਵਾਂ ਤੋਂ ਬਾ-ਖ਼ਬਰ ਰਹੀਏ, ਇਨ੍ਹਾਂ ਨੂੰ ਸੁਣੀਏਂ, ਮਹਿਸੂਸ ਕਰੀਏ ਅਤੇ ਲੋੜ ਪੈਣ ’ਤੇ ਆਪਣੇ ਲੋਕਾਂ ਦੀ ਮਦਦ ਕਰੀਏ। ਇਉਂ ਅਸੀਂ ਇਕ ਦੂਜੇ ਨਾਲ਼, ਧਰਤੀ ਨਾਲ਼ ਅਤੇ ਅਗਲੀਆਂ ਪੀੜ੍ਹੀਆਂ ਨਾਲ਼ ਰਿਸ਼ਤਾ ਮਜ਼ਬੂਤ ਕਰਦੇ ਹਾਂ। ਇਸ ਪ੍ਰਦਰਸ਼ਨ ਵਿਚ ਸ਼ਾਮਲ ਹੋਏ ਪੰਜਾਬੀ ਅਖ਼ਬਾਰ ਦੇ ਵਿਸ਼ੇਸ਼ ਪ੍ਰਤੀਨਿਧ ਜਗਦੇਵ ਸਿੱਧੂ ਨੇ ਪਾਉਲਾ ਸਮਿੱਥ ਅਤੇ ਐਲਡਰ ਹੇਡਨ ਮੈਲਟਿੰਗ ਟੈਲੋ ਨਾਲ ਗੱਲਬਾਤ ਦੌਰਾਨ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਬਸਤੀਵਾਦੀਆਂ ਨੇ ਜਾਹਲ਼, ਗੰਵਾਰ ਅਤੇ ਅਸੱਭਿਅਕ ਗਰਦਾਨਿਆਂ ਸੀ, ਉਨ੍ਹਾਂ ਨੇਟਿਵ ਲੋਕਾਂ ਦੀਆਂ ਇਹ ਪ੍ਰੰਪਰਾਵਾਂ ਉਨ੍ਹਾਂ ਦੀ ਸਭਿਅਤਾ ਦੀ ਮਹਾਨਤਾ ਦੀਆਂ ਜਾਮਨ ਹਨ।

# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਮਿਲਣੀ

## ਕਰਮਾ ਦੇ ਮਾਰਿਆਂ ਦੀ ਗੱਲ ਕੌਣ ਕਰੂਗਾ-ਅਸਮਾਨੋਂ ਟੁੱਟੇ ਤਾਰਿਆਂ ਦੀ ਗੱਲ ਕੌਣ ਕਰੂਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਹੀਨਾਵਾਰ ਮੀਟਿੰਗ ਕੋਸੋ ਹਾਲ ਵਿੱਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀ ਪ੍ਰਧਾਨਗੀ ਵਿੱਚ ਹੋਈ । ਸੋਹਣ ਸਿੰਘ ਭੁੱਚੋ ਨੇ ਸਟੇਜ ਸੰਚਾਲਨ ਦੀ ਮਹੱਤਵਪੂਰਣ ਜਿੰਮੇਵਾਰੀ ਬੜੀ ਖ਼ੂਬਸੂਰਤੀ ਨਾਲ ਨਿਭਾਈ । ਉਹਨਾਂ ਨੇ ਸਟੇਜ ਸੰਚਾਲਨ ਦੇ ਨਾਲ ਨਾਲ ਆਪਣੀਆਂ ਪਾਏਦਾਰ ਰਚਨਾਵਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ ।ਆਰੰਭ ਵਿੱਚ ਰਿਟਾਇਰਡ ਪਿੰਸੀਪਲ ਅਮਰਜੀਤ ਸਿੰਘ ਸਿੱਧੂ ਨੇ ਨਿਵੇਕਲੇ ਅੰਦਾਜ ਵਿੱਚ “ਮੂੰਹੋਂ ਨਿਕਲੇ ਬੋਲ ਨਹੀਂ ਮੁੜਦੇ” ਨਜ਼ਮ ਪੇਸ਼ ਕਰ ਕੇ ਵਾਹ ਵਾਹ ਖੱਟੀ। ਸੁਰਿੰਦਰ ਸਿੰਘ ਢਿੱਲੋਂ ਨੇ ਸ਼ਹੀਦ ਭਗਤ ਸਿੰਘ ਅਤੇ ਸੁਭਾਸ਼ ਚੰਦਰ ਬੋਸ ਦੇ ਅਜ਼ਾਦੀ ਲਈ ਪਾਏ ਯੋਗਦਾਨ ਬਾਰੇ ਚਾਨਣਾ ਪਾਇਆ । ਸਰਬਜੀਤ ਕੌਰ ਉਪਲ ਨੇ ‘ਸਾਡੀ ਬੀਹੀ ਵਿੱਚ ਪਾ ਕੇ ਹੱਟੀ ਤੇ ਪੱਟ ਲਈ ਬੁਲਬੁਲ ਵਰਗੀ ਜੱਟੀ’ ਗਾ ਕੇ ਵਾਹਵਾ ਰੌਣਕ ਲਾਈ । ਨੌਜਵਾਨ ਸ਼ਾਇਰ ਤਾਜਬੀਰ ਚਾਹਲ ਨੇ ਆਪਣੀ ਰਚਨਾ ਬੜੇ ਜੋਸ਼ੀਲੇ ਅੰਦਾਜ਼ ਵਿੱਚ ਸੁਣਾਈ। ਡਾਕਟਰ ਸਤਨਾਮ ਸਿੰਘ ਧੋਥੜ ਨੇ ‘ ਜੇ ਧੀਆਂ ਨਾ ਹੁੰਦੀਆਂ ਤਾਂ ਪੁੱਤ ਕਿਥੇ ਵਿਆਹੁਣੇ ਸੀ’ਅਤੇ ਗਿੱਲ ਸੁਖਮੰਦਰ ਸਿੰਘ ਨੇ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਦਿਆਂ ਸ਼ਰੋਮਣੀ ਕਵੀਸ਼ਰ ਪਾਰਸ ਦੀ ਰਚਨਾ ‘ਪੇਟੋਂ ਇਕ ਮਾਤਾ ਦੇ ਮੁੜ ਕੇ ਜਨਮ ਨਹੀ ਲੈਣਾ ਵੀਰਾ ਤੋਂ ਇਲਾਵਾ ‘ਕਰਮਾ ਦੇ ਮਾਰਿਆਂ ਦੀ ਗੱਲ ਕੌਣ ਕਰੂਗਾ-ਅਸਮਾਨੋਂ ਟੁੱਟੇ ਤਾਰਿਆਂ ਦੀ ਗੱਲ ਕੌਣ ਕਰੂਗਾ, ਸੁਣਾਕੇ ਵਾਹ ਵਾਹ ਖੱਟੀ। ਆਖਿਰ ਵਿੱਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਸ਼ਹੀਦ ਭਗਤ ਸਿੰਘ , ਰਾਜਗੁਰੂ ਅਤੇ ਸੁਖਦੇਵ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਆਪਣੀ ਰਚਨਾ ਮੈਂ ਜ਼ਿੰਦਗੀ ਦਾ ਉਹ ਗੀਤ ਪੂਜਾਂ,ਜੋ ਸੱਚ ਹੋਵੇ ਜੋ ਰੱਬ ਹੋਵੇ। ਲਹੂ ’ਚ ਭਿੱਜੀ ਉਹ ਤੇਗ ਹੋਵੇ ਜਾਂ ਸੱਚ ਗਾਉਂਦੀ ਰਬਾਬ ਹੋਵੇ” ਦੇ ਕੁਝ ਬੋਲ ਸਾਂਝੇ ਕੀਤੇ । ਸੋਹਣ ਸਿੰਘ ਭੁੱਚੋ ਦੀ ਮੰਚ ਦੀ ਕਾਰਵਾਈ ਨਿਭਾਉਣ ਦੀ ਜੁਗਤ ਨੂੰ ਸੁਰਿੰਦਰ ਗੀਤ ਨੇ ਰੱਜ ਕੇ ਸਲਾਹਿਆ। ਅਪ੍ਰੈਲ ਮਹੀਨੇ ਦੀ ਮੀਟਿੰਗ 26 ਅਪ੍ਰੈਲ 2026 ਨੂੰ ਦਿਨ ਐਤਵਾਰ ਨੂੰ ਕੋਸੋ ਹਾਲ ਵਿੱਚ ਬਾਦ ਦੁਪਹਿਰ ਦੋ ਵਜੇ ਹੋਵੇਗੀ । ਸਭ ਨੂੰ ਪੁੱਜਣ ਦਾ ਖੁੱਲ੍ਹਾ ਸੱਦਾ ਹੈ ।


ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜ਼ਰੂਰਤ ਹੈ

ਕਾਲ ਕਰੋ:
1 250 319 7263



SUPERVISA Medical Insurance

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

Punjab Insurance Inc

SERVICES
- Life Insurance
- Mortgage Insurance
- Critical Illness Insurance
- Disability Insurance

ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ

403 404 3500
sidhu.harpinder@gmail.com



Harpinder Sidhu
REGIONAL MANAGER
Lovepreet Sidhu
REGIONAL MANAGER

# ਪਾਲ ਸੇਖੋਂ ਦੇ ਉਪਰਾਲੇ ਸਦਕਾ 14ਵੇਂ ਵਿਆਹ ਸਮਾਗਮ ਮੌਕੇ 6 ਲੋੜਵੰਦ ਜੋੜਿਆਂ ਦੇ ਵਿਆਹ ਕਾਰਜ ਰਚਾਏ ਗਏ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੇ ਮਹੀਨੇ ਪੰਜਾਬ ਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਪਿੰਡ ਭੈਣੀ ਬੜਿੰਗਾ ਵਿਖੇ ਕੈਲਗਰੀ ਵਾਸੀ ਪਾਲ ਸੇਖੋਂ ਦੇ ਉਪਰਾਲੇ ਸਦਕਾ ਭਾਈ ਘਨਈਆ ਜੀ ਸੇਵਾ ਮਿਸ਼ਨ, ਐਨਆਰਆਈ ਵੀਰਾਂ, ਗ੍ਰਾਮ ਪੰਚਾਇਤ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 14ਵਾਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਸਮਾਗਮ ਗੁਰਦੁਆਰਾ ਸਿੱਧਸਰ ਡੇਰਾ ਸਾਹਿਬ ਵਿਖੇ ਕਰਵਾਏ ਗਏ। ਇਸ ਮੌਕੇ ਜਾਣਕਾਰੀ ਦਿੰਦਿਆਂ ਪਿੰਡ ਦੇ ਸਾਬਕਾ ਸਰਪੰਚ ਗੁਰਸੇਵਕ ਸਿੰਘ ਬੜਿੰਗ ਅਤੇ ਗੁਰਦੀਪ ਸਿੰਘ ਦੂਲੋ ਨੇ ਦੱਸਿਆ ਕਿ ਪ੍ਰਿਤਪਾਲ ਸਿੰਘ ਉਰਫ ਪਾਲ ਸੇਖੋਂ ਕੈਲਗਰੀ ਵਾਲਿਆਂ ਵੱਲੋਂ ਸਮੂਹ ਨਗਰ ਨਿਵਾਸੀਆਂ ਅਤੇ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਪਿਛਲੇ 14 ਸਾਲਾਂ ਤੋਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਸਮਾਗਮ ਕਰਵਾਏ ਜਾ ਰਹੇ ਹਨ। ਉਹਨਾਂ ਦੱਸਿਆ ਕਿ ਇਸ ਵਾਰ ਸਾਰਿਆਂ ਦੇ ਸਹਿਯੋਗ ਨਾਲ 6 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਆਨੰਦ ਕਾਰਜ ਕਰਵਾਏ ਗਏ ਅਤੇ ਇਹਨਾਂ ਨਵੇਂ ਵਿਆਹੇ ਜੋੜਿਆਂ ਨੂੰ ਜ਼ਿੰਦਗੀ ਵਿੱਚ ਰੋਜ਼ਾਨਾ ਲੋੜੀਂਦਾ ਘਰੇਲੂ ਸਮਾਨ ਵੀ ਦਾਜ ਦੇ ਰੂਪ ਵਿੱਚ ਦਿੱਤਾ ਗਿਆ। ਇਹ ਸਮਾਗਮ ਵਿੱਚ ਅੰਤਰਰਾਸ਼ਟਰੀ ਪਹਿਲਵਾਨ ਜੱਸਾ ਪੱਟੀ, ਪਿੰਕਾ ਜਰਗ, ਪ੍ਰਾਈਮ ਏਸ਼ੀਆ ਟੈਲੀਵਿਜ਼ਨ ਦੀ "ਚੱਜ ਦਾ ਵਿਚਾਰ" ਵਾਲੀ ਚਰਚਿਤ ਜੋੜੀ ਸਵਰਨ ਟਹਿਣਾ ਅਤੇ ਹਰਮਨ ਥਿੰਦ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਮਹਿਲ ਕਲਾਂ ਹਲਕਾ ਇੰਚਾਰਜ ਨਾਥ ਸਿੰਘ ਹਮੀਦੀ, ਮਸ਼ਹੂਰ ਢਾਡੀ ਰਛਪਾਲ ਸਿੰਘ ਪਮਾਲ, ਕਵੀਸ਼ਰ ਮਨਜੀਤ ਸਿੰਘ ਬੁਟਾਹਰੀ,ਢਾਡੀ ਬਲਵੀਰ ਸਿੰਘ ਨਿਹਾਲੂਵਾਲ, ਢਾਡੀ ਬਿਮਲਜੀਤ ਸਿੰਘ ਖਾਲਸਾ, ਸੰਤ ਬਾਬਾ ਕਰਨੈਲ ਸਿੰਘ ਜੀ ਡੇਰਾ ਮੁਖੀ ਝੰਮਟ, ਕੈਲਗਰੀ ਤੋਂ ਹੀ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ, ਰੇਡੀਓ ਰੈਡ ਐਫ ਐਮ ਕੈਲਗਰੀ ਤੋਂ ਗੁਰਵਰਿੰਦਰ ਸਿੰਘ ਧਾਲੀਵਾਲ,ਪੀਐਨਓ ਮੀਡੀਆ ਗਰੁੱਪ ਦੇ ਕਰਤਾ ਧਰਤਾ ਸੁਖਨੈਬ ਸਿੰਘ ਸਿੱਧੂ, ਪੰਜਾਬੀ ਗੀਤਕਾਰੀ ਦਾ ਜੋਗੀ ਅਸ਼ੋਕ ਬਾਂਸਲ ਮਾਨਸਾ,ਨਾਮਵਰ ਗੀਤਕਾਰ ਅਮਰੀਕ ਤਲਵੰਡੀ, ਕੈਲਗਰੀ ਤੋਂ ਮੀਡੀਆ ਕਰਮੀ ਸੁਰੀਤਮ ਰਾਇ (ਪੰਜਾਬੀ ਲਿੰਕ),ਪੰਜਾਬੀ ਰੇਡੀਓ ਬੌਬੀ ਡੋਡ, ਪ੍ਰਿੰਸੀਪਲ ਸੈਂਬਰ ਸਿੰਘ ਬੜਿੰਗ ਯੂਐਸਏ, ਜਰਨੈਲ ਤੱਗੜ ਕੈਲਗਰੀ,ਸਤਵਿੰਦਰ ਸਿੰਘ ਮਿੱਠੀ,ਅਵਿਨਾਸ ਖੰਗੂੜਾ ਕੈਲਗਰੀ,ਤਲਵਿੰਦਰ ਪਰਮਾਰ,ਗੁਰਵਿੰਦਰ ਰਾਣਾ, ਜਗਰਾਜ ਸੋਹੀ, ਮਨਦੀਪ ਸਿੰਘ ਚਹਿਲ,ਅਵਤਾਰ ਸਿੰਘ ਦੂੱਗਲ,ਪਰਮਿੰਦਰ ਸਿੰਘ ਸਿੱਧੂ,ਜਗਦੀਸ ਸਿੰਘ ਸੇਖੋਂ ਯੂਐਸਏ, ਮਨਦੀਪ ਸਿੰਘ ਖੁਰਦ ਕੌਮੀ ਪ੍ਰਧਾਨ ਵਿਰਸਾ ਸੰਭਾਲ ਸਰਦਾਰੀ ਲਹਿਰ, ਮਹਿੰਦਰਪਾਲ ਸਿੰਘ ਬੜਿੰਗ ਯੂਐਸਏ, ਸਰਪੰਚ ਸਰਬਜੀਤ ਕੌਰ ਭੈਣੀ ਬੜਿੰਗਾ ਵੱਲੋਂ ਨਵੇਂ ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ ਗਿਆ। ਇਸ ਮੌਕੇ ਦੇਸ਼ ਵਿਦੇਸ਼ ਤੋਂ ਪੁੱਜੀਆਂ ਸ਼ਖਸੀਅਤਾਂ ਨੂੰ ਪਾਲ ਸਿੰਘ ਸੇਖੋਂ ਸਮੇਤ ਮੋਹਤਬਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਅਗਲੇ ਦਿਨ ਗਲੋਬਲ ਹਾਰਟ ਤੋਂ ਡਾਕਟਰ ਬ੍ਰਿਜੇਸ ਕੁਮਾਰ ਵਰਧਨ ਦੀ ਅਗਵਾਈ ਹੇਠ ਅੱਖਾਂ ਦੇ ਮਰੀਜਾਂ ਲਈ ਮੁਫਤ ਕੈਂਪ,ਦਿਲ ਅਤੇ ਹੱਡੀਆਂ ਦੇ ਰੋਗਾਂ ਸਬੰਧੀ ਲਗਾਇਆ ਗਿਆ। ਇਸ ਮੌਕੇ ਮਸਹੂਰ ਫਿਲਮੀ ਸਿਤਾਰੇ ਰਾਜ ਕੁੰਦਰਾ ਨੇ ਵਿਸ਼ੇਸ਼ ਤੌਰ ਤੇ ਹਾਜਿਰੀ ਲਗਵਾਈ ਅਤੇ ਪਾਲ ਸੇਖੋਂ ਹੋਰਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।









# ਤਸ਼ੱਦਦ ਦੇ ਸਾਏ ਹੇਠ ਫ਼ੈਲ ਰਿਹਾ ਅਨੀਮੀਆ



ਗੁਰਮੀਤ ਸਿੰਘ ਪਲਾਹੀ
9815802070



ਲੱਦਾਖ ਵਿੱਚ 92.8 ਫ਼ੀਸਦੀ ਔਰਤਾਂ ਅਨੀਮੀਆ (ਖ਼ੂਨ ਦੀ ਕਮੀ) ਨਾਲ ਜੂਝ ਰਹੀਆਂ ਹਨ। ਕੀ ਇਹ ਆਧੁਨਿਕ ਸਿਹਤ ਸੇਵਾਵਾਂ ਦੀ ਪਹੁੰਚ ਉੱਤੇ ਵੱਡਾ ਸਵਾਲੀਆ ਨਿਸ਼ਾਨ ਨਹੀਂ ਹੈ ? ਰਤਾ ਕੁ ਅੰਕੜਿਆਂ ਉੱਤੇ ਝਾਤ ਮਾਰੀਏ ਤਾਂ ਵੇਖਣ ਨੂੰ ਮਿਲਦਾ ਹੈ ਕਿ ਪੱਛਮੀ ਬੰਗਾਲ ਵਿੱਚ 71.4 ਫ਼ੀਸਦੀ (ਜਿੱਥੇ ਇੱਕ ਔਰਤ ਵਰ੍ਹਿਆਂ ਤੋਂ ਮੁੱਖ ਮੰਤਰੀ ਹੈ), ਤ੍ਰਿਪੁਰਾ ਵਿੱਚ 67.2 ਫ਼ੀਸਦੀ, ਅਸਾਮ ਵਿੱਚ 65.9 ਫ਼ੀਸਦੀ, ਜੰਮੂ-ਕਸ਼ਮੀਰ ਵਿੱਚ 65.9 ਫ਼ੀਸਦੀ, ਪੰਜਾਬ ਵਿੱਚ 58.7 ਫ਼ੀਸਦੀ ਔਰਤਾਂ ਪੋਸ਼ਣ ਤੋਂ ਕੋਹਾਂ ਦੂਰ ਹਨ ਅਤੇ ਅਨੀਮੀਆ ਤੋਂ ਪ੍ਰਭਾਵਿਤ ਹਨ। ਆਜ਼ਾਦੀ ਦੇ ਲਗਭਗ ਅੱਠ ਦਹਾਕੇ ਬੀਤਣ ਅਤੇ ਸਿਹਤ ਯੋਜਨਾਵਾਂ ਉੱਤੇ ਭਾਰੀ ਬਜ਼ਟ ਰੱਖਣ ਦੇ ਬਾਵਜੂਦ ਕੀ ਇਸ ਗੰਭੀਰ ਅਤੇ ਕੌੜੀ ਸੱਚਾਈ ਤੋਂ ਮੂੰਹ ਮੋੜਿਆ ਜਾ ਸਕਦਾ ਹੈ ? ਇੱਕ ਰਿਪੋਰਟ ਅਨੁਸਾਰ ਦੇਸ਼ ਵਿੱਚ 15 ਤੋਂ 49 ਸਾਲ ਦੀਆਂ ਔਰਤਾਂ ਵਿੱਚੋਂ ਅੱਧੀਆਂ ਤੋਂ ਵੱਧ (55.3 ਫ਼ੀਸਦੀ) ਇਸ ਰੋਗ ਤੋਂ ਪੀੜਤ ਹਨ।

ਪਿਛਲੇ ਦਿਨੀਂ 2016 ਤੋਂ 2026 ਦੇ ਅੰਕੜੇ ਸਿਹਤ ਰਿਪੋਰਟ ਸਬੰਧੀ ਸਾਹਮਣੇ ਆਏ ਹਨ, ਜਿਹੜੇ ਇਹ ਦਰਸਾਉਂਦੇ ਹਨ ਕਿ 20 ਵਰ੍ਹਿਆਂ ਵਿੱਚ ਕਈ ਅਹਿਮ ਸੂਬਿਆਂ ਵਿੱਚ ਔਰਤਾਂ ਵਿੱਚ ਅਨੀਮੀਆ ਦੀ ਸਥਿਤੀ ਬਦ ਤੋਂ ਬਦਤਰ ਹੋਈ ਹੈ। ਪੰਜਾਬ ਜਿਸਨੂੰ ਖੁਸ਼ਹਾਲ ਸੂਬਾ ਮੰਨਿਆ ਜਾਂਦਾ ਹੈ, ਉਸ ਵਿੱਚ ਔਰਤਾਂ 'ਚ ਅਨੀਮੀਆ ਰੋਗ 'ਚ ਪਿਛਲੇ 20 ਸਾਲਾਂ ਵਿੱਚ 54.4 ਫ਼ੀਸਦੀ ਦਾ ਉਛਾਲ ਆਇਆ। ਹਾਲਾਂਕਿ ਬਿਹਾਰ ਵਿੱਚ 5.7 ਫ਼ੀਸਦੀ ਔਰਤਾਂ 'ਚ ਅਨੀਮੀਆ ਰੋਗ 'ਚ ਸੁਧਾਰ ਵੇਖਿਆ ਗਿਆ, ਪਰ ਫਿਰ ਵੀ ਉੱਥੇ 63.5 ਫ਼ੀਸਦੀ ਔਰਤਾਂ ਖ਼ੂਨ ਦੀ ਕਮੀ ਦੇ ਰੋਗ ਨਾਲ ਲੜ ਰਹੀਆਂ ਹਨ। ਦਿੱਲੀ 'ਚ 12.6 ਫ਼ੀਸਦੀ, ਗੁਜਰਾਤ (65%) 17.5 ਫ਼ੀਸਦੀ, ਮਹਾਂਰਾਸ਼ਟਰ 'ਚ 11.9 ਫ਼ੀਸਦੀ ਦਾ ਵਾਧਾ ਵੇਖਿਆ ਗਿਆ ਹੈ।

ਇਹ ਰਿਪੋਰਟ ਆਖ਼ਰ ਕੀ ਸੰਕਤੇ ਦਿੰਦੀ ਹੈ ? ਕੀ ਔਰਤਾਂ (ਜੋ ਦੇਸ਼ ਦੀ ਅੱਧੀ ਆਬਾਦੀ ਹਨ) ਪੋਸ਼ਣ ਸੰਕਟ ਵਿੱਚ ਨਹੀਂ ਹਨ ? ਕੀ ਉਹਨਾਂ ਦੀ ਸਿਹਤ, ਆਧੁਨਿਕ ਭਾਰਤ ਵਿੱਚ ਸੁਰੱਖਿਅਤ ਹੈ ? ਔਰਤ, ਜਿਸਨੂੰ ਬਚਪਨ ਤੋਂ ਹੀ ਹੋਰ ਸਮਾਜਿਕ ਔਖਿਆਈਆਂ ਵਿੱਚੋਂ ਦੀ ਲਗਾਤਾਰ ਲੰਘਣਾ ਪੈਂਦਾ ਹੈ, ਕੀ ਸਿਹਤ ਸਮੱਸਿਆਵਾਂ ਨਾਲ ਵੀ ਬੁਰੇ ਦਿਨ ਨਹੀਂ ਵੇਖ ਰਹੀਆਂ ? ਇਹੋ ਜਿਹੇ ਹਾਲਾਤਾਂ ਵਿੱਚ ਕੀ ਉਹ ਮੌਜੂਦਾ ਹਾਕਮਾਂ ਵੱਲੋਂ ਵਿਖਾਏ ਜਾ ਰਹੇ ਉੱਜਲ ਭਵਿੱਖ ਦੇ ਭਲੇ ਦਿਨਾਂ ਦੀ ਆਸ ਕਰ ਸਕਦੀਆਂ ਹਨ ? ਕਿੰਨੀਆ ਹੀ ਸਮਾਜਿਕ ਬੁਰਾਈਆਂ ਹਨ, ਜਿਹਨਾਂ ਵਿੱਚ ਦੀ ਉਹਨਾਂ ਨੂੰ ਲੰਘਣਾ ਪੈਂਦਾ ਹੈ। ਬਾਲ ਵਿਆਹ ਵਰਗੀ ਕੁਰੀਤੀ, ਮਰਦ ਬਰਾਬਰ ਦੇ ਅਧਿਕਾਰਾਂ ਦੀ ਤਾਂਘ, ਮਰਦ ਸਮਾਜ ਵਿੱਚ ਮਰਦ ਦਾ ਰੰਘਰਊਪੁਣਾ ਅਤੇ ਇਸ ਤੋਂ ਵੀ ਅੱਗੇ ਆਰਥਿਕ ਤੌਰ 'ਤੇ ਮਰਦ ਉੱਤੇ ਨਿਰਭਰਤਾ ਅਤੇ ਫਿਰ ਘਰੇਲੂ ਤੱਸ਼ਦਦ, ਉਸਦੇ ਪੱਲੇ ਲਗਾਤਾਰ ਪੈਂਦਾ ਹੈ, ਜੋ ਉਸ ਦੀ ਸਿਹਤ ਲਈ ਘਾਤਕ ਸਿੱਧ ਹੁੰਦਾ ਹੈ। ਪ੍ਰਸੂਤਾ ਪੀੜ ਹੰਢਾਉਣੀ, ਖ਼ੁਰਾਕ ਦੀ ਕਮੀ, ਸਮਾਜਿਕ ਵਰਤਾਰੇ ਨਾਲ ਲਗਾਤਾਰ ਜੀਉਂਦੇ ਰਹਿਣਾ, ਉਸਦੀ ਸਿਹਤ ਵੀ ਵਿਗਾੜਦਾ ਹੈ ਅਤੇ ਉਸਦੇ ਪੱਲੇ ਉਮਰੋਂ ਪਹਿਲਾਂ ਮੌਤ ਵੀ ਪਾਉਂਦਾ ਹੈ।

ਦੰਗਿਆਂ 'ਚ ਸਭ ਤੋਂ ਵੱਧ ਪੀੜਾ ਕੌਣ ਹੰਢਾਉਂਦਾ ਹੈ, ਔਰਤ ! ਸਰੀਰਕ ਉਤਪੀੜਨ ਕੌਣ ਸਹਿੰਦਾ ਹੈ, ਔਰਤ ! ਜੰਗ 'ਚ ਸਭ ਤੋਂ ਵੱਧ ਕੌਣ ਪ੍ਰਭਾਵਤ ਹੁੰਦਾ ਹੈ, ਔਰਤ ! ਤੇ ਕਿਸ ਦਾ ਲਹੂ ਇਹੋ ਜਿਹੀਆਂ ਪ੍ਰਸਥਿਤੀਆਂ 'ਚ ਵੱਧ ਡੁਲਦਾ ਹੈ, ਜਵਾਬ ਹੈ, ਔਰਤ ਦਾ ! ਜਾਪਣ ਲਗਦਾ ਹੈ ਜਿਵੇਂ ਮਨੁੱਖ ਦਾ ਲਹੂ ਸਸਤਾ ਹੋ ਗਿਆ ਹੈ। ਮਨੁੱਖ ਦਾ ਲਹੂ ਰਿਸ਼ਤਿਆਂ ਨੂੰ ਭੁੱਲ, ਲਾਲ ਤੋਂ ਚਿੱਟਾ ਹੋ ਗਿਆ ਹੈ ਅਤੇ ਇਸ ਚਿੱਟੇ ਲਹੂ ਦੇ ਵਰਤਾਰੇ ਦਾ ਸੰਤਾਪ ਔਰਤ ਵੱਧ ਭੋਗਦੀ ਹੈ। ਉਸਦਾ ਤਨ, ਉਸਦਾ ਮਨ ਅਤੇ ਉਸਦੀ ਆਰਥਿਕ ਸਥਿਤੀ ਦਾਅ ਉੱਤੇ ਛੱਡ ਦਿੱਤੀ ਜਾਂਦੀ ਹੈ।

ਜਦੋਂ ਮਰਦ ਦਾ ਖ਼ੂਨ ਸਫ਼ੈਦ ਹੁੰਦਾ ਹੈ। ਉਹ ਰਿਸ਼ਤਿਆਂ ਨੂੰ ਤਾਰ-ਤਾਰ ਕਰਦਾ ਹੈ। ਘਰੇਲੂ ਹਿੰਸਾ ਇਹਨਾਂ ਰਿਸ਼ਤਿਆਂ ਵਿੱਚ ਦਰਾੜ ਦੀ ਉਪਜ ਹੈ। ਅਸਲ 'ਚ ਇਹ ਵਰਤਾਰਾ ਮਰਦ ਦੀ ਬੀਮਾਰ ਮਾਨਸਿਕਤਾ ਅਤੇ ਬੀਮਾਰ ਸਮਾਜਿਕ ਵਿਵਸਥਾ ਦਾ ਸੰਕੇਤ ਹੈ। ਜਦੋਂ ਸਮਾਜ 'ਚ ਲਹੂ ਸਫ਼ੈਦ ਹੁੰਦਾ ਹੈ, ਰਿਸ਼ਤੇ ਟੁੱਟਦੇ ਹਨ। ਦੇਸ਼ ਵਿੱਚ ਔਰਤਾਂ ਖਿਲਾਫ਼ ਅਪਰਾਧਾਂ 'ਚ ਵਾਧਾ ਖ਼ੂਨ ਦੀ ਕਮੀ ਜੇਹਾ ਹੀ ਵੱਧ ਰਿਹਾ ਹੈ। ਭਾਵੇਂ ਸੰਵਿਧਾਨ ਬਰਾਬਰੀ, ਲਿੰਗ ਦੇ ਅਧਾਰ ਉੱਤੇ ਭੇਦਭਾਵ ਨਾ ਕਰਨ ਅਤੇ ਜੀਵਨ ਅਤੇ ਅਜ਼ਾਦੀ ਦੇ ਅਧਿਕਾਰ ਦਾ ਵਾਇਦਾ ਕਰਦਾ ਹੈ, ਲੇਕਿਨ ਬਹੁ-ਗਿਣਤੀ ਔਰਤਾਂ ਨੂੰ ਇਹ ਅਧਿਕਾਰ ਪ੍ਰਾਪਤ ਨਹੀਂ ਹੁੰਦੇ ਦੇਸ਼ ਦੇ ਪੇਂਡੂ ਖਿੱਤੇ ਅਤੇ ਅਰਧ-ਸ਼ਹਿਰੀ ਖੇਤਰ ਵਿੱਚ ਔਰਤਾਂ ਦੀ ਭੈੜੀ ਹਾਲਾਤ, ਉਹਨਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਤ ਕਰ ਰਹੀ ਹੈ। ਸੰਤੁਲਿਤ ਭੋਜਨ ਦੀ ਕਮੀ, ਭੈੜੀਆਂ ਬੁਨਿਆਦੀ ਸਹੂਲਤਾਂ, ਸਿਹਤ ਵਿਵਸਥਾਵਾਂ ਦਾ ਨਾ ਹੋਣਾ ਉਹਨਾਂ ਪੱਲੇ ਨਰਕ ਜਿਹੀ ਜ਼ਿੰਦਗੀ ਪਾਉਂਦਾ ਹੈ। ਔਰਤਾਂ ਅੱਜ ਵੀ ਭੁੱਖਮਰੀ ਦਾ ਵੱਧ ਸ਼ਿਕਾਰ ਹਨ। ਅੱਜ ਵੀ ਉਹ ਭੈੜੇ ਕੌੜੇ ਬੋਲਾਂ ਨਾਲ, ਸਰੀਰਕ ਮਾਰ ਸਹਿੰਦੀਆਂ, ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਬਣਦੀਆਂ ਹਨ।

ਸਮਾਜ ਦਾ ਕਮਜ਼ੋਰ ਅੰਗ, ਸਮਝਦਿਆਂ ਪਸ਼ੂ ਵਿਰਤੀ ਵਾਲੇ ਜਾਬਰ ਲੋਕ ਉਸਦਾ ਅੰਗ-ਅੰਗ ਨੋਚਦੇ ਹਨ। ਉਹਨਾਂ ਨੂੰ ਵੇਸ਼ਵਾ ਵਿਰਤੀ 'ਚ ਪਾਉਂਦੇ ਹਨ। ਵਪਾਰਕ, ਕਾਰਪੋਰੇਟੀ ਰੁਚੀਆਂ ਵਾਲੇ ਲੋਕ ਉਸਦੇ ਸਰੀਰ ਦਾ ਪ੍ਰਦਰਸ਼ਨ ਕਰਕੇ, ਵਪਾਰਕ ਲਾਹਾ ਲੈਂਦੇ ਹਨ। ਇਥੇ ਹੀ ਬੱਸ ਨਹੀਂ ਉਹਨਾਂ ਦਾ ਮਾਨਸਿਕ ਸੋਸ਼ਣ ਕਰਦਿਆਂ, ਉਹਨਾਂ ਦੇ ਜੀਵਨ ਨੂੰ ਇਹੋ ਜਿਹੇ ਹਨ੍ਹੇਰੇ ਨਰਕ-ਕੁੰਭ 'ਚ ਧੱਕ ਦਿੰਦੇ ਹਨ, ਜਿਥੋਂ ਉਹਨਾਂ ਦਾ ਬਾਹਰ ਨਿਕਲਣਾ ਅਸੰਭਵ ਹੋ ਜਾਂਦਾ ਹੈ। ਅੱਜ ਵੀ ਪਤੀ ਦੇ ਮਰਨ ਉਪਰੰਤ ਬੇਵਾ ਕਹਾਉਂਦੀਆਂ ਔਰਤਾਂ, ਚਿੱਟੇ ਕੱਪੜੇ ਪਾਉਣ ਲਈ ਮਜ਼ਬੂਰ ਕਰ ਦਿੱਤੀਆਂ ਜਾਂਦੀਆਂ ਹਨ। ਅੱਜ ਵੀ ਮਰਦ ਪ੍ਰਧਾਨ ਸਮਾਜ ਵਿੱਚ ਉਹ ਬਿਰਧ ਅਵਸਥਾ 'ਚ ਮਰਨ ਤੋਂ ਪਹਿਲਾਂ ਸ਼ਮਸ਼ਾਨ ਘਾਟਾਂ ਦੇ ਚੌਗਿਰਦਿਆਂ 'ਚ ਮੌਤ ਦੀ ਘੜੀ ਉਡੀਕਦੀਆਂ ਹਨ। ਪੁੱਤਰ, ਧੀਆਂ, ਰਿਸ਼ਤੇਦਾਰ ਉਹਨਾਂ ਤੋਂ ਦੂਰੀ ਬਣਾਈ ਰੱਖਦੇ ਹਨ। ਪੱਛੜੇ ਖੇਤਰਾਂ 'ਚ ਔਰਤ ਚੁੜੇਲ ਤੱਕ ਬਣਾ ਦਿੱਤੀਆਂ ਜਾਂਦੀਆਂ ਹਨ। ਸਾਧਾਂ, ਬਾਬਿਆਂ ਦਾ ਸ਼ਿਕਾਰ ਔਰਤਾਂ ਗੁਲਾਮੀ ਦੀਆਂ ਬੇੜੀਆਂ 'ਚ ਬੱਝੀਆਂ ਨਰਕੀ ਜ਼ਿੰਦਗੀ ਜੀਊਣ ਲਈ ਮਜ਼ਬੂਰ ਕਰ ਦਿੱਤੀਆਂ ਜਾਂਦੀਆਂ ਹਨ। ਮਹਾਂਰਾਸ਼ਟਰ ਦੇ ਪੁਣੇ ਇਲਾਕੇ ਦੇ 45 ਸਾਲਾਂ ਸਾਧ ਬਾਬੇ ਅਸ਼ੋਕ ਕੁਮਾਰ ਖਾਰਾਤ ਉੱਤੇ ਜਬਰ-ਜਨਾਹ ਦੇ 11 ਪਰਚੇ ਦਰਜ਼ ਹਨ। ਇੰਤਹਾ ਦੇਖੋ ਦੇਸੀ ਐਪਸਟੀਨ ਦੇਸ਼ ਦੇ ਕੋਨੇ-ਕੋਨੇ ਫੈਲਿਆ ਹੈ ਅਤੇ ਜ਼ਿਆਦਾਤਾਰ ਇਸਦਾ ਲਾਹਾ ਸਿਆਸਤਦਾਨ ਲੈਂਦੇ ਹਨ। ਢੌਂਗੀ ਆਸਾ ਰਾਮ, ਇੱਕ ਉਦਹਾਰਨ ਹੈ। ਬਲਾਤਕਾਰੀ ਸਿਰਸੇ ਵਾਲੇ ਸਾਧ ਨੂੰ ਜੇਲ੍ਹੋਂ ਬਾਹਰ ਲਿਆਂਦਾ ਜਾਂਦਾ ਹੈ ਤੇ ਉਹ ਪ੍ਰੇਮੀਆਂ ਦੇ ਜ਼ੋਰ ਨਾਲ ਸਿਆਸਤ ਪਲਟ ਕੇ ਰੱਖ ਦਿੰਦਾ ਹੈ।

ਧਰਮ ਅਤੇ ਔਰਤਾਂ ਦੀ ਸਥਿਤੀ ਦਾ ਆਪਸ ਵਿੱਚ ਰਿਸ਼ਤਾ ਗੁੰਝਲਦਾਰ ਹੈ। ਦੁਨੀਆ ਦੇ ਲਗਭਗ ਸਾਰੇ ਪ੍ਰਮੁੱਖ ਧਰਮ ਰੂਹਾਨੀ ਤੌਰ 'ਤੇ ਮਰਦ 'ਤੇ ਔਰਤ ਨੂੰ ਬਰਾਬਰ ਮੰਨਦੇ ਹਨ, ਪਰ ਵਿਹਾਰਕ ਤੌਰ 'ਤੇ ਧਾਰਮਿਕ ਸੰਸਥਾਵਾਂ ਅਕਸਰ ਮਰਦ ਪ੍ਰਧਾਨ ਰਹੀਆਂ ਹਨ । ਕਈ ਵਾਰ ਧਰਮ ਦੀਆਂ ਰੂੜ੍ਹੀਵਾਦੀ ਵਿਆਖਿਆਵਾਂ ਔਰਤ ਦੀ ਆਜ਼ਾਦੀ, ਸਿੱਖਿਆ ਅਤੇ ਫ਼ੈਸਲੇ ਲੈਣ ਦੀ ਸ਼ਕਤੀ ਨੂੰ ਸੀਮਤ ਕਰ ਦਿੰਦੀਆਂ ਹਨ।

ਕਿਹਾ ਤਾਂ ਇਹ ਜਾਂਦਾ ਹੈ ਕਿ ਸਫ਼ਲ ਗ੍ਰਹਿਸਥੀ ਜੀਵਨ ਦੋ ਪਹੀਆਂ 'ਤੇ ਚੱਲਦਾ ਹੈ। ਹਰੇਕ ਧਰਮ ਵੀ ਇਸਦੀ ਵਿਆਖਿਆ ਇਵੇਂ ਹੀ ਕਰਦਾ ਹੈ। ਪਰ ਅਮਲ ਵੱਖਰੇ ਹਨ। ਦੁਨੀਆ ਦਾ ਕੋਈ ਵੀ ਧਰਮ ਮਰਦ ਦੇ ਬਰਾਬਰ ਔਰਤ ਨੂੰ ਆਜ਼ਾਦੀ ਨਹੀਂ ਦਿੰਦਾ। ਗਲੀਆਂ - ਗਲਿਆਰਿਆਂ, ਘਰਾਂ - ਹਵੇਲੀਆਂ, ਬਜ਼ਾਰਾਂ, ਧਾਰਮਿਕ, ਸਿੱਖਿਆ ਸੰਸਥਾਵਾਂ 'ਤੇ ਔਰਤਾਂ ਨਾਲ ਵਿਤਕਰਿਆਂ ਦੀ ਲੰਮੀ ਕਹਾਣੀ ਹੈ। ਜਿਹੜੀ ਸਮਾਜੀ ਵਰਤਾਰਿਆਂ 'ਚ ਬੀਮਾਰ ਸੋਚ ਦੀ ਤਰਜ਼ਮਾਨੀ ਕਰਨ ਵਾਲੀ ਹੈ। ਔਰਤਾਂ ਪ੍ਰਤੀ ਧਾਰਮਿਕ ਸੁਧਾਰ, ਜਾਇਦਾਦ ਦਾ ਅਧਿਕਾਰ, ਸਮਾਜਿਕ ਸਤਿਕਾਰ ਹਾਲੇ ਵੀ ਸਮਾਜ ਵਿੱਚ ਹਾਸ਼ੀਏ 'ਤੇ ਹਨ। ਧਰਮ ਅੱਜ ਵੀ ਸ਼ਕਤੀਕਰਨ ਦੀ ਥਾਂ ਵਧੇਰੇ ਸੋਸ਼ਣ ਦਾ ਜ਼ਰੀਆ ਬਣਾਇਆ ਜਾ ਚੁੱਕਾ ਹੈ। ਈਸਾਈ, ਜੈਨ, ਬੁੱਧ ਧਰਮਾਂ 'ਚ ਔਰਤਾਂ ਦੀ ਅਗਵਾਈ 'ਚ ਬੰਦਸ਼ਾਂ ਹਨ। ਹਿੰਦੂ ਧਰਮ 'ਚ ਤਾਂ ਔਰਤਾਂ ਨੂੰ ਮਤਾਹਿਤ ਦਾ ਦਰਜਾ ਦਿੱਤਾ ਜਾਂਦਾ ਹੈ, ਬਰਾਬਰੀ ਦਾ ਹੱਕ ਤਾਂ ਦੂਰ ਹੈ। ਸਿੱਖ ਧਰਮ ਔਰਤਾਂ ਦੀ ਬਰਾਬਰੀ ਦੀ ਗੱਲ ਤਾਂ ਜ਼ਰੂਰ ਕਰਦਾ ਹੈ। ਪਰ ਵਿਹਾਰਕ ਪੱਖੋਂ ਔਰਤ ਸਿੱਖ ਧਰਮ ਵਿੱਚ ਵੀ ਪੀੜਤ ਹੈ। ਇਸਲਾਮ ਔਰਤ ਲਈ ਬੁਰਕਾ ਅਤੇ ਮਰਦ ਵੱਲੋਂ ਵਧੇਰੇ ਔਰਤਾਂ ਨਾਲ ਵਿਆਹ ਪ੍ਰਥਾ ਕੀ ਦਰਸਾਉਂਦੀ ਹੈ ? ਔਰਤ-ਮਰਦ ਦੀ ਰੂਹਾਨੀ ਬਰਾਬਰੀ, ਧਾਰਮਿਕ ਆਜ਼ਾਦੀ, ਸਮਾਜਿਕ ਸੁਧਾਰ ਕਹਿਣੀ ਤੇ ਕਥਨੀ ਦੌਰਾਨ ਵੱਡੇ ਪਾੜੇ 'ਚ ਹਨ। ਕਹਿਣ ਦੀਆਂ ਗੱਲਾਂ ਹੀ ਹਨ ਕਿ ਮਾਂ ਦੇ ਪੈਰਾਂ 'ਚ ਜਨਤ ਹੁੰਦੀ ਹੈ (ਇਸਲਾਮ) ਜਾਂ ਗੁਰੂ ਨਾਨਕ ਦੇਵ ਜੀ ਦੇ ਬਚਨ ਸੋ ਕਿਉਂ ਮੰਦਾ ਆਖੀਐ ਜਿਤੁ ਜੰਮੈ ਰਾਜਾਨ। ਪਰ ਜ਼ਮੀਨੀ ਹਕੀਕਤ ਕੁੱਝ ਹੋਰ ਹੀ ਹੈ।

ਵੈਸੇ ਤਾਂ ਦੁਨੀਆਂ ਭਰ ਵਿੱਚ ਹੀ, ਔਰਤ ਉਹ ਦਰਜਾ ਹਾਸਲ ਨਹੀਂ ਕਰ ਸਕੀ, ਜਿਸਦੀ ਉਹ ਹੱਕਦਾਰ ਹੈ। ਪਰ ਭਾਰਤ ਤਾਂ ਇਸ ਮਾਮਲੇ ਵਿੱਚ ਬਹੁਤ ਹੀ ਦਰਦਨਾਕ ਸਥਿਤੀ ਵਿੱਚ ਹੈ। ਕੁੱਲ 148 ਦੇਸ਼ਾਂ ਵਿੱਚੋਂ ਭਾਰਤ, ਵਿਸ਼ਵ ਜੈਂਡਰ ਰੈਕਿੰਗ ਵਿੱਚ 131 ਵੇਂ ਥਾਂ 'ਤੇ ਹੈ। ਉਸਦੀ ਇਹ ਸਥਿਤੀ ਉਸਦੀ ਆਰਥਿਕ ਭਾਗੀਦਾਰੀ, ਸਮਾਜਿਕ ਸਥਿਤੀ, ਉਸਦੀ ਸੁਰੱਖਿਆ, ਆਜ਼ਾਦੀ, ਸਿੱਖਿਆ ਅਤੇ ਸਿਹਤ 'ਤੇ ਹੈ। ਅਸਲ 'ਚ ਇੱਕ ਔਰਤ ਉੱਤੇ ਪਰਿਵਾਰਿਕ ਅਤੇ ਸਮਾਜਿਕ ਰੀਤੀ-ਰਿਵਾਜਾਂ ਦਾ ਦਬਾਅ ਇੰਨਾ ਜ਼ਿਆਦਾ ਹੈ, ਕਿ ਆਪਣਾ ਚਿਹਰਾ-ਮੋਹਰਾ ਨਿਖਾਰਨ 'ਚ ਉਹ ਨਾ-ਕਾਮਯਾਬ ਤਾਂ ਰਹਿੰਦੀ ਹੀ ਹੈ, ਨਿੱਜੀ ਫ਼ੈਸਲੇ ਲੈਣ ਦੀ ਵਧੇਰੇ ਖੁੱਲ੍ਹ ਵੀ ਉਸਦੇ ਲਈ ਅੱਗੇ ਵੱਧਣ 'ਚ ਵੱਡੀ ਰੁਕਾਵਟ ਹੈ।

ਔਰਤਾਂ ਨਾਲ ਹੁੰਦੀ ਬੇਇਨਸਾਫ਼ੀ ਦੀ ਦਾਸਤਾਨ ਅੱਜ ਵੀ ਉਤਨੀ ਹੀ ਵੱਡੀ ਅਤੇ ਭਿਅੰਕਰ ਦਿਸਦੀ ਹੈ, ਜਿੱਡੀ ਸਦੀਆਂ ਪਹਿਲਾਂ ਸੀ। ਉਸਦੇ ਪੈਰਾਂ 'ਚ ਪਾਈਆਂ ਬੇੜੀਆਂ, ਉਸਦੇ ਬੋਲਾਂ 'ਤੇ ਲਾਏ ਜੰਦਰੇ, ਅੱਜ ਵੀ ਉਸਨੂੰ ਸਮਾਜ 'ਚ ਆਜ਼ਾਦ ਵਿਚਰਨ 'ਚ ਵੱਡੀ ਰੁਕਾਵਟ ਹਨ। ਉਹ ਰੁਕਾਵਟ ਪਾਰ ਕਰਨ ਲਈ ਭਾਵੇਂ ਸੰਘਰਸ਼ਸ਼ੀਲ ਹੈ, ਪਰ ਵੱਡੀ ਸਮਾਜਿਕ ਜਕੜ ਲਗਾਤਾਰ ਉਸਨੂੰ ਅੱਗੇ ਵੱਧਣ ਤੋਂ ਰੋਕ ਰਹੀ ਹੈ।

ਭਾਰਤੀ ਸਮਾਜ 'ਚ ਔਰਤਾਂ ਨੂੰ ਘਰੇਲੂ ਕੰਮਾਂ ਤੱਕ ਸੀਮਤ ਰੱਖਣ ਦੀ ਰਿਵਾਇਤ, ਕਾਨੂੰਨੀ ਜਾਗਰੂਕਤਾ ਦੀ ਕਮੀ, ਰਾਜਨੀਤਿਕ ਹਿੱਸੇਦਾਰੀ 'ਚ ਘਾਟ, ਆਰਥਿਕ ਪੱਖੋਂ ਕਮਜ਼ੋਰੀ, ਉਸਨੂੰ ਅੱਗੇ ਵਧਣੋਂ ਰੋਕ ਰਹੀ ਹੈ। ਸਿਰਫ਼ ਆਤਮ ਵਿਸ਼ਵਾਸ਼, ਆਰਥਿਕ ਮਜ਼ਬੂਤੀ ਅਤੇ ਨਿਡਰ ਸੋਚ ਨਾਲ ਹੀ ਉਹ ਅੱਗੇ ਵੱਧਕੇ ਕੁਝ ਹਾਸਲ ਕਰਨ ਦੇ ਯੋਗ ਹੋ ਸਕੇਗੀ, ਅਤੇ ਉਹ ਸਭ ਕੁੱਝ ਬਦਲ ਸਕੇਗੀ, ਜੋ ਸਮਾਜ 'ਚ ਪੈਦਾ ਹੋਏ ਲਹੂ ਦੇ ਲਾਲ ਕਣਾਂ ਨੂੰ ਸਫ਼ੈਦੀ 'ਚ ਬਦਲ ਕੇ ਉਸਦਾ ਜੀਵਨ ਜੀਉਣ ਯੋਗ ਨਹੀਂ ਰਹਿਣ ਦੇ ਰਹੇ।



ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ

ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸਰੀ ਦੇ ਕਵੀ ਦਰਬਾਰ ਵਿੱਚ ਪ੍ਰਸਿੱਧ ਕਵੀਆਂ ਨੇ ਸ਼ਮੂਲੀਅਤ ਕੀਤੀ










ਸਰੀ, (ਹਰਦਮ ਮਾਨ)-ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੇਲਟਾ ਵੱਲੋਂ ਮਾਸਿਕ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਅਨੇਕਾਂ ਪ੍ਰਸਿੱਧ ਸ਼ਾਇਰਾਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਕਵੀ ਦਰਬਾਰ ਵਿੱਚ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਅਤੇ ਸੀਨੀਅਰ ਪੱਤਰਕਾਰ ਹਰਦਮ ਸਿੰਘ ਮਾਨ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਅਤੇ ਲਹਿੰਬਰ ਸਿੰਘ ਸਹੋਤਾ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਦਾ ਮੰਚ ਸੰਚਾਲਨ ਮਨਜੀਤ ਸਿੰਘ ਮੱਲਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ।

ਕਵੀ ਦਰਬਾਰ ਦਾ ਆਗਾਜ਼ ਅਵਤਾਰ ਸਿੰਘ ਬਰਾੜ ਨੇ ਧਾਰਮਿਕ ਗੀਤ 'ਯੋਧੇ ਲੜਦੇ ਵਿੱਚ ਮੈਦਾਨਾਂ ਦੇ' ਨਾਲ ਕੀਤਾ, ਜਿਸ ਤੋਂ ਬਾਅਦ ਜਸਵੰਤ ਰਾਣਾ ਨੇ ਤਰੰਨੁਮ ਵਿੱਚ ਖ਼ੂਬਸੂਰਤ ਗੀਤ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ। ਮਾਸਟਰ ਅਮਰੀਕ ਸਿੰਘ ਲਹਿਲ ਨੇ ਆਪਣੀ ਸਵਰਗੀ ਧਰਮਪਤਨੀ ਦੀ ਯਾਦ ਵਿੱਚ ਭਾਵੁਕ ਕਵਿਤਾ 'ਪੌਣਾਂ ਦਾ ਸਿਰਨਾਵਾਂ' ਪੇਸ਼ ਕੀਤੀ। ਰਮਿੰਦਰ ਕੌਰ ਮਨਚੰਦਾ ਨੇ ਹਿੰਦੀ ਕਵਿਤਾ ਅਤੇ ਬਲਬੀਰ ਸਿੰਘ ਸੰਘਾ ਨੇ 'ਜੀ ਰਾਮ ਜੀ' ਕਵਿਤਾ ਰਾਹੀਂ ਹਾਜ਼ਰੀ ਲਵਾਈ। ਸਵਰਨ ਸਿੰਘ ਚਾਹਲ, ਗੁਰਚਰਨ ਸਿੰਘ ਬਰਾੜ, ਦਵਿੰਦਰ ਬਚਰਾ ਨੇ ਕਵਿਤਾਵਾਂ ਸਾਂਝੀਆਂ ਕੀਤੀਆਂ। ਜਗਜੀਤ ਸਿੰਘ ਸੇਖੋਂ ਨੇ ਗ਼ਜ਼ਲ ਤੇ ਕਵਿਤਾ ਪੇਸ਼ ਕੀਤੀ, ਜਦਕਿ ਬੀਬਾ ਕੰਵਰਦੀਪ ਨੇ ਦੇਸ਼-ਭਗਤੀ ਦਾ ਗੀਤ ਸੁਣਾ ਕੇ ਦੇਸ਼ ਪ੍ਰੇਮ ਦਾ ਜਜ਼ਬਾ ਪੈਦਾ ਕੀਤਾ। ਗੀਤਕਾਰ ਗੁਰਮੀਤ ਸਿੰਘ ਕਾਲਕਟ ਨੇ 'ਸੱਸਾਂ ਵੱਲੋਂ ਨੂੰਹਾਂ ਦੇ ਦੁੱਖੜੇ' ਗੀਤ ਰਾਹੀਂ ਮਨੋਰੰਜਨ ਦੇ ਨਾਲ-ਨਾਲ ਸਮਾਜਿਕ ਪੱਖ ਵੀ ਪੇਸ਼ ਕੀਤਾ।

ਨਾਮਵਰ ਸ਼ਾਇਰ ਇੰਦਰਜੀਤ ਧਾਮੀ ਨੇ ਜ਼ਿੰਦਗੀ ਦੇ ਫ਼ਲਸਫ਼ੇ ਬਾਰੇ ਆਪਣੇ ਵਿਚਾਰ ਅਤੇ ਕਵਿਤਾ ਪੇਸ਼ ਕੀਤੀ। ਉਸਤਾਦ ਸ਼ਾਇਰ ਗੁਰਦਰਸ਼ਨ ਸਿੰਘ ਬਾਦਲ ਅਤੇ ਦੇਵਿੰਦਰ ਕੌਰ ਜੌਹਲ ਨੇ ਆਪਣੀਆਂ ਰਚਨਾਵਾਂ ਨਾਲ ਕਵੀ ਦਰਬਾਰ ਵਿੱਚ ਗੰਭੀਰਤਾ ਭਰੀ। ਪੱਤਰਕਾਰ ਕੁਲਵੰਤ ਸਰੋਤਾ ਨੇ ਆਪਣੀ ਕਵਿਤਾ ਅਤੇ ਜਗਸੀਰ ਜੀਦਾ ਦੇ ਲਿਖੇ ਮਾਡਰਨ ਟੱਪੇ ਪੇਸ਼ ਕੀਤੇ ਅਤੇ ਪਵਿੱਤਰ ਕੌਰ ਬਰਾੜ ਨੇ ਆਲਮ ਲੁਹਾਰ ਦਾ ਮਸ਼ਹੂਰ ਗੀਤ 'ਵਾਜਾਂ ਮਾਰੀਆਂ' ਗਾ ਕੇ ਸਰੋਤਿਆਂ ਦੀ ਭਰਪੂਰ ਦਾਦ ਖੱਟੀ। ਇਸ ਤੋਂ ਇਲਾਵਾ ਵੀਤ ਬਾਦਸ਼ਾਹਪੁਰੀ ਅਤੇ ਸੁਖਪ੍ਰੀਤ ਦੌਲਤ ਨੇ ਵੀ ਆਪਣੀਆਂ ਕਵਿਤਾਵਾਂ ਰਾਹੀਂ ਰੰਗ ਬੰਨ੍ਹਿਆਂ। ਵਿਸ਼ੇਸ਼ ਮਹਿਮਾਨ ਹਰਦਮ ਸਿੰਘ ਮਾਨ ਨੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਅਜਿਹੇ ਸਮਾਗਮਾਂ ਨੂੰ ਮਾਂ-ਬੋਲੀ ਪੰਜਾਬੀ ਲਈ ਜ਼ਰੂਰੀ ਦੱਸਿਆ ਅਤੇ ਆਪਣੀ ਇੱਕ ਮਕਬੂਲ ਗ਼ਜ਼ਲ ਵੀ ਸਰੋਤਿਆਂ ਦੇ ਰੂਬਰੂ ਕੀਤੀ। ਮੰਚ ਸੰਚਾਲਕ ਮਨਜੀਤ ਸਿੰਘ ਮੱਲਾ ਨੇ ਵੀ ਹਰਦਮ ਸਿੰਘ ਮਾਨ ਦੀ ਇੱਕ ਗ਼ਜ਼ਲ ਸੁਣਾ ਕੇ ਉਨ੍ਹਾਂ ਨੂੰ ਸਤਿਕਾਰ ਦਿੱਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਰਾਜਿੰਦਰ ਸਿੰਘ ਮੁਕਤਸਰ, ਨਛੱਤਰ ਸਿੰਘ ਅਬੋਹਰ ਅਤੇ ਜਗਜੀਤ ਸਿੰਘ ਧਾਲੀਵਾਲ ਮਾਛੀਕੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਅਖ਼ੀਰ ਵਿੱਚ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਸਮੂਹ ਸ਼ਾਇਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਸਮਾਗਮ ਦੀ ਸਫ਼ਲਤਾ 'ਤੇ ਖ਼ੁਸ਼ੀ ਪ੍ਰਗਟਾਈ।






# ਕਲਮੀ ਸੱਥ

(ਵਿਸਾਖੀ 'ਤੇ ਵਿਸ਼ੇਸ਼)

## ਵਿਸਾਖੀ ਦਾ ਹੈ ਤਿਉਹਾਰ ਨਿਆਰਾ

ਦੇਸ਼ ਮੇਰੇ ਦੇ ਤਿਉਹਾਰ ਪਏ ਦੱਸਦੇ,ਹੁੰਦਾ ਕੀ ਭਾਈਚਾਰਾ।
ਸਾਰੇ ਤਿਉਹਾਰਾਂ ਨਾਲੋਂ ਡਿੱਠਾ,ਵਿਸਾਖੀ ਦਾ ਹੈ ਤਿਉਹਾਰ ਨਿਆਰਾ।
ਸਦੀਆਂ ਤੋਂ ਇਹ ਤਿਉਹਾਰ,ਦੇਸ਼ ਮੇਰੇ ਦੇ ਲੋਕ ਨੇ ਮਨਾਉਂਦੇ।
ਭੁੱਲ ਕੇ ਸਾਰੇ ਵੈਰ ਵਿਰੋਧ,ਇਕੱਠੇ ਹੋ ਕੇ ਮੇਲੇ ਪਏ ਲਾਉਂਦੇ ।
ਕਿਧਰੇ ਮੇਲਿਆਂ ਵਿੱਚ,ਗੱਭਰੂ ਆਪਣੇ ਜੌਹਰ ਵਿਖਾਉਂਦੇ।
ਕਿਧਰੇ ਦੇਸ਼ ਦੀਆਂ,ਢਾਡੀ ਕਵੀਸ਼ਰ ਨੇ ਵਾਰਾਂ ਗਾਉਂਦੇ।
ਕਿਧਰੇ ਭੰਗੜੇ ਗਿੱਧੇ ਨੇ ਪੈਂਦੇ,ਵੇਖਣ ਵਾਲਾ ਹੈ ਹੁੰਦਾ ਨਜ਼ਾਰਾ।
ਸਾਰੇ ਤਿਉਹਾਰਾਂ ਨਾਲੋਂ ਡਿੱਠਾ .....................................।
ਦਸਮੇਸ਼ ਪਿਤਾ ਨੇ ਵਿਸਾਖੀ ਨੂੰ,ਵੇਖੋ ਕਿਵੇਂ ਖਾਸ ਬਣਾਇਆ।
ਸਿੱਖਾਂ ਨੂੰ ਅਨੰਦਪੁਰ ਬੁਲਾਕੇ,ਸੁੰਦਰ ਸੀ ਦੀਵਾਨ ਸਜਾਇਆ।
ਪੰਜ ਸਿਰਾਂ ਦੀ ਭੇਟਾ ਮੰਗਕੇ,ਅਨੋਖਾ ਉਨ੍ਹਾਂ ਕੌਤਕ ਵਿਖਾਇਆ।
ਇਕੋ ਬਾਟੇ ਅੰਮ੍ਰਿਤ ਛਕਾਕੇ,ਜਾਤ-ਪਾਤ ਦਾ ਭੇਦ ਮਿਟਾਇਆ।
ਡਿੱਗੀ ਢੱਠੀ ਕੌਮ ਦੇ ਵਿੱਚ,ਉਹਨਾਂ ਭਰਿਆ ਸੀ ਜੋਸ਼ ਭਾਰਾ।
ਸਾਰੇ ਤਿਓਹਾਰਾਂ ਨਾਲੋਂ ਡਿੱਠਾ.................................।
ਸੰਨ ਉ ਉ ਨੂੰ ਹੀ,ਆਈ ਸੀ ਇਕ ਅਨੋਖੀ ਵਿਸਾਖੀ।
ਦੇਸ਼ ਮੇਰੇ ਨੂੰ ਦੇ ਕੇ ਤੁਰ ਗਈ,ਦੁੱਖਾਂ ਦਰਦਾਂ ਵਾਲੀ ਸੀ ਸਾਖ਼ੀ।
ਜੱਲਿਆਂ ਵਾਲੇ ਬਾਗ ਦੇ ਵਿੱਚ,ਹਜ਼ਾਰਾਂ ਲੋਕ ਸੀ ਹੋਏ ਇਕੱਤਰ।
ਵਿਸਾਖੀ ਮਨਾਵਣ ਆਏ,ਗੋਰਿਆਂ ਨੇ ਵਿਛਾਤੇ ਸੱਥਰ।
ਖ਼ੂਨ ਖਰਾਬਾ ਵੇਖਕੇ,ਦੇਸ਼ ਭਗਤਾਂ ਦਾ ਵੱਧ ਗਿਆ ਪਾਰਾ।
ਸਾਰੇ ਤਿਉਹਾਰਾਂ ਨਾਲੋਂ ਡਿੱਠਾ.....................................।
ਦੇਸ਼ ਮੇਰੇ ਦੇ ਕਿਸਾਨਾਂ ਲਈ,ਵਿਸਾਖੀ ਲਿਆਵੇ ਖੁਸ਼ੀਆਂ ਖੇੜੇ।
ਪੱਕੀ ਕਣਕ ਘਰਾਂ ਵਿੱਚ ਆਉਂਦੀ,ਖੇਤੀਂ ਘੱਟ ਜਾਂਦੇ ਨੇ ਗੇੜੇ।
ਧਰਤੀ ਦੇ ਸਭ ਜੀਅ ਵੀ ਜਿਉਂਦੇ,ਕਿਸਾਨ ਦੀ ਖੇਤੀ ਦੇ ਸਹਾਰੇ।
ਏਸੇ ਕਰਕੇ ਵਿਸਾਖ ਮਹੀਨੇ ਨੂੰ,ਬੇਸਬਰੀ ਨਾਲ ਉਡੀਕਣ ਸਾਰੇ।
'ਅਮਰੀਕ ਤਲਵੰਡੀ'ਨੂੰ ਵੀ ਲੱਗੇ,ਇਹ ਤਿਉਹਾਰ ਬੜਾ ਪਿਆਰਾ।
ਸਾਰੇ ਤਿਉਹਾਰਾਂ ਨਾਲੋਂ ਡਿੱਠਾ.....................................।

**ਅਮਰੀਕ ਸਿੰਘ ਤਲਵੰਡੀ ਕਲਾਂ**
ਗਿੱਲ ਨਗਰ,ਗਲੀ ਨੰ-13.
ਮੁੱਲਾਂਪੁਰ ਦਾਖਾ (ਲੁਧਿਆਣਾ) 9463542896

## ਕਵਿਤਾ

ਪੰਜਾ ਪਾਣੀਆਂ ਦੀ ਠੰਡੀ ਧਰਤੀ
ਉੱਤੇ ਪਾਂਵਡ ਧਰਮ ਦੇ ਅੰਗਾਰਾਂ ਦਾ
ਬੰਬ ਗੋਲੀਆਂ ਦੀ ਨਹੀਂ ਲੜਾਈ
ਏ ਝਗੜਾ ਨਫਰਤੀ ਸਿਆਰਾਂ ਦਾ

ਸਾਂਝੇ ਬੇੜੇ ਸੀ ਸਾਝੀਆਂ ਗਲੀਆਂ
ਇਹ ਮੁਲਖ ਸਾਂਝੇ ਤਿਓਹਾਰਾਂ ਦਾ
ਕਿਸਦੀ ਲੱਗ ਗੀ ਨਜਰ ਇਸਨੂੰ
ਫਿੱਕਾ ਪੈ ਗਿਆ ਰੰਗ ਬਹਾਰਾਂ ਦਾ

ਨੋਹ ਮਾਸ ਦਾ ਸੀ ਰਿਸ਼ਤਾ ਦਸਦੇ
ਰਿਸ਼ਤਾ ਭਰਾਵਾਂ ਜਿਗਰੀ ਯਾਰਾਂ ਦਾ
ਰੋਟੀ ਬੇਟੀ ਦੀ ਹੁੰਦੀ ਸੀ ਸਾਂਝ ਕਦੇ
ਇਤਿਹਾਸ ਗਵਾਹ ਹੈ ਪਿਆਰਾਂ ਦਾ

ਇੱਕ ਮਾਂ ਦੇ ਹੀ ਤਾਂ ਨੇ ਜਾਏ ਦੋਂਵੇ
ਕਿਮੇ ਫਰਕ ਹੋ ਗਯਾ ਵਿਚਾਰਾਂ ਦਾ
ਛੇਤੀ ਹੀ ਹੱਲ ਕੋਈ ਲੱਭਣਾ ਪੈਣਾ
ਬੇੜੇ ਖੜੀ ਹੁੰਦੀਆਂ ਦੀਵਾਰਾਂ ਦਾ

ਇਕਦੂਜੇ ਲਈ ਜੋ ਜ਼ਹਿਰ ਉਗਲਦੇ
ਕੱਢੋ ਹੱਲ ਮਾਨਸਿਕ ਬਿਮਾਰਾਂ ਦਾ
ਇਨਾ ਪਿੱਛੇ ਲੱਗ ਜੋ ਖ਼ਾਲੀ ਹੋ ਗਏ
ਕੌਨ ਪੁੱਛਦਾ ਹਾਲ ਪਰਿਵਾਰਾਂ ਦਾ

ਹਰ ਜਖਮ ਵਕਤ ਨਾਲ ਭਰ ਜਾਣਾ
ਭਰ ਜਾਣਾ ਏ ਫੱਟ ਤਲਬਾਰਾਂ ਦਾ
ਪਰ ਕਿਮੇ ਭਰੋਂਗੇ ਖਾਇ ਨਫਰਤੀ
ਕਿ ਕਰੋਂਗੇ ਦਿਲਾਂ ਦੀ ਦਰਾਰਾਂ ਦਾ

ਰੱਬ ਮੰਨਕੇ ਲੋਕੀ ਕਰਦੇ ਨੇ ਪੂਜਾ
ਜਲਵਾ ਨਫਰਤ ਦੇ ਠੇਕੇਦਾਰਾਂ ਦਾ
ਹਰ ਥਾਂ ਤੇ ਬੈਠੇ ਨੇ ਖੋਲ ਦੁਕਾਨਾਂ
ਗਾਹਕ ਬਹੁਤ ਨਫਰਤੀ ਬਜਾਰਾਂ ਦਾ

ਨ ਮੁਸਲਿਮ ਬੋਧ ਨ ਜੈਨ ਈਸਾਈ
ਨ ਰੌਲਾ ਹਿੰਦੂ ਸਿੱਖ ਸਰਦਾਰਾਂ ਦਾ
ਅਮਿਤ ਕੁਝ ਦੁਸ਼ਮਣ ਭਾਈਚਾਰੇ ਦੇ
ਬਾਕੀ ਬਹੁਤਾ ਖੇਲ ਸਰਕਾਰਾਂ ਦਾ।।

**ਅਮਿਤ ਰੱਤਾ**

## ਦਮਦਮਾ ਸਾਹਿਬ ਦੀ ਵਿਸਾਖੀ

*ਪ੍ਰੋ. ਨਵ ਸੰਗੀਤ ਸਿੰਘ*

ਆਈ ਵਿਸਾਖੀ ਖੁਸ਼ੀਆਂ ਵਾਲ਼ੀ, ਦਮਦਮਾ ਸਾਹਿਬ ਨੂੰ ਚੱਲੀਏ।
ਤਖਤ ਸਾਹਿਬ ਚੱਲ ਟੇਕੀਏ ਮੱਥਾ, ਨਾਲ ਸੰਗਤ ਦੇ ਰਲ਼ੀਏ।

ਆਏ ਏਥੇ ਸਨ ਦਸਮ ਪਾਤਸ਼ਾਹ, ਚੱਲ ਕੇ ਢਾਬ ਖਿਦਰਾਣਾ।
ਨੌਂ ਮਹੀਨੇ ਨੌਂ ਦਿਨ ਸਤਿਗੁਰ, ਕੀਤਾ ਇੱਥੇ ਟਿਕਾਣਾ।

ਲੰਮੇ ਸਮੇਂ ਦੇ ਯੁੱਧਾਂ ਪਿੱਛੋਂ, ਕੀਤਾ ਗੁਰ ਬਿਸਰਾਮ।
ਏਸ ਜਗ੍ਹਾ ਨੂੰ ਸਤਿਗੁਰ ਦਿੱਤਾ, ਤਖ਼ਤ ਚੌਥੇ ਦਾ ਨਾਮ।

ਭਾਈ ਡੱਲੇ ਨੂੰ ਦਾਤੇ ਨੇ, ਦਿੱਤੀ ਸੀ ਵਡਿਆਈ।
ਸਿੰਘ ਸਜਾ ਕੇ ਗਲ਼ ਨਾਲ ਲਾਇਆ, ਉਸਦੀ ਪੈਜ ਰਖਾਈ।

ਮੌਜ 'ਚ ਆ ਕੇ ਦਸਮ ਗੁਰੂ ਨੇ, ਕਈ ਕੌਤਕ ਸਨ ਕੀਤੇ।
ਸੰਗਤ ਨੇ ਵੀ ਦਾਤੇ ਕੋਲ਼ੋਂ, ਘੁੱਟ ਅੰਮ੍ਰਿਤ ਦੇ ਪੀਤੇ।

'ਗੁਰੂ ਕਾਸ਼ੀ' ਅਖਵਾਏ ਧਰਤੀ, ਖੁੱਲ੍ਹੇ ਕਈ ਵਿਦਿਆਲੇ।
ਗੁਰ-ਦਾਤੇ ਦੀ ਅਜਮਤ ਤੋਂ, ਸਭ ਹੁੰਦੇ ਜਾਣ ਨਿਹਾਲੇ।

ਮੇਲੇ ਵਾਲ਼ੇ ਦਿਨਾਂ ਨੂੰ ਏਥੇ, ਲੱਗਣ ਅਜਬ ਬਹਾਰਾਂ।
ਗੁਰ-ਦਰਬਾਰ 'ਚ ਮੱਥਾ ਟੇਕਣ, ਬੰਨ੍ਹਣੀਆਂ ਪੈਣ ਕਤਾਰਾਂ।

ਚੋਜੀ ਪ੍ਰੀਤਮ ਕੋਲੋਂ ਓਹੀ, ਮਨਇੱਛਿਤ ਫਲ ਪਾਵੇ।
ਸ਼ਰਧਾ ਨਾਲ਼ 'ਸ਼ਨਾਨ ਕਰੇ, ਤੇ ਸੱਚੇ ਦਿਲੋਂ ਧਿਆਵੇ।

ਸਰਕਸ, ਝੂਲੇ, ਖਾਣ-ਪੀਣ ਦੀਆਂ, ਸਜੀਆਂ ਬਹੁਤ ਦੁਕਾਨਾਂ।
ਲੋਕਾਂ ਦੇ ਇਸ ਅਜਬ ਜਲੌਅ ਨੂੰ, ਖੜ੍ਹ ਕੇ ਵੇਖ ਜਵਾਨਾ।

ਕਿਧਰੇ ਕਵੀ, ਕਵੀਸ਼ਰ ਕਿਧਰੇ, ਢਾਡੀ ਵਾਰਾਂ ਗਾਉਂਦੇ।
ਮੱਲ 'ਖਾੜੇ ਵਿੱਚ ਦੂਰ ਪਰ੍ਹੇ, ਇੱਕ-ਦੂਜੇ ਨੂੰ ਪਏ ਢਾਹੁੰਦੇ।

ਦਸਮ ਪਿਤਾ ਦੇ ਦਰ ਤੇ ਸਾਰੇ, ਆਓ ਸੀਸ ਝੁਕਾਈਏ!
ਧੰਨ ਗੁਰੂ, ਧੰਨ ਅੰਮ੍ਰਿਤ-ਦਾਤਾ, ਨਾਲ਼ ਰੂਹੀ ਦੇ ਗਾਈਏ।

## ਜੁਦਾਈਆਂ

ਕੁਝ ਪਲ ਲਈ ਤੈਨੂੰ ਮਿਲਣੇ ਦਾ
ਅਹਿਸਾਸ ਹੀ ਮੇਰੇ ਪਾਸ ਰਹੂ
ਜੋ ਮੇਟੇ ਦਰਦ ਜੁਦਾਈਆਂ ਦਾ
ਉਹ ਹਾਸਾ ਦਿਲ ਦੇ ਪਾਸ ਰਹੂ
ਦਿਲ ਕਰੂ ਦੁਆਵਾਂ ਤੇਰੇ ਲਈ
ਤੂੰ ਜਿੱਥੇ ਵੀ ਜਾ ਵੱਸੇਂਗੀ
ਮੈਂ ਜੀਵਾਂਗਾ ਸਾਂਭ ਖਜਾਨੇ ਨੂੰ
ਯਾਦਾਂ ਸਿਰ ਜ਼ਿੰਦਗੀ ਕੱਟੇਗੀ

## ਫ਼ਰਿਆਦ

ਵਿੱਚ ਕੈਨੇਡਾ ਜੰਮਿਆਂ ਹੁੰਦਾ
ਦਿਲ ਹੌਕੇ ਨਾ ਭਰਦਾ
ਪਿਆਰ ਦਾ ਇਜ਼ਹਾਰ ਵੀ
ਭਰੇ ਬਜ਼ਾਰ 'ਚ ਕਰਦਾ

ਨਾ ਪੁੱਛਣਾ ਸੀ ਗੋਤ ਕਬੀਲਾ
ਨਾ ਕੋਈ ਸੌਦੇਬਾਜੀ
ਫਿਰਦਾ ਖੁਸ਼ੀਆਂ ਵਿੱਚ ਝੂਮਦਾ
ਮੌਜ ਮਸ਼ਤੀਆਂ ਕਰਦਾ

ਰੀਝਾਂ ਦੇ ਨਾਲ ਫੁੱਲ ਤੋੜ ਕੇ
ਜ਼ੁਲਫ਼ਾਂ ਵਿੱਚ ਜਾ ਧਰਦਾ
ਕਾਪੀ ਵਿੱਚ ਅਨਿਆਈ ਮੌਤੇਂ
ਸੱਕ ਸੁੱਕ ਕੇ ਨਾ ਮਰਦਾ

ਨਾ ਪੈਂਣੀ ਸੀ ਲੋੜ ਬੱਕੀ ਦੀ
ਨਾ ਵਿੱਚ ਥਲਾਂ ਦੇ ਸੜਨਾ
ਕੱਚਾ ਘੜਾ ਕੀ ਕਰਦਾ ਉੱਥੇ
ਜਿੱਥੇ ਕੰਮ ਲਿੰਮੋਂ ਨਾਲ ਸਰਦਾ

ਨਾ ਉਮਰਾਂ ਦੀਆਂ ਸ਼ਰਤਾਂ
ਵਰਗੀ ਇੱਥੇ ਕੋਈ ਮਜਬੂਰੀ
ਹੱਸ ਹੱਸ ਹੀਰ ਖਆਵੇ ਚੂਰੀ
ਕੋਈ ਕੈਦੋਂ ਨਹੀਂ ਸੜਦਾ
ਵਿੱਚ ਕੈਨੇਡਾ ਜੰਮਿਆਂ ਹੁੰਦਾ ..

ਮਨ ਮੇਰੇ ਦਾ ਸੁਪਨਾ ਸੀ
ਪ੍ਰਦੇਸਾਂ ਦੇ ਵਿੱਚ ਜਾਵਾਂਗਾ
ਕਰਕੇ ਖ਼ੂਬ ਕਮਾਈਆਂ ਫਿਰ
ਮੁੜ ਵਤਨਾਂ ਨੂੰ ਆਵਾਂਗਾ
ਬਣਦਾ ਫ਼ਰਜ਼ ਨਿਭਾਵਾਂਗਾ

ਮੇਰੇ ਰੋਮ ਰੋਮ ਵਿੱਚ ਰਚਿਆ ਸੀ
ਸਾਡਾ ਗੋਰਵਮਈ ਇਤਿਹਾਸ
ਮਜ਼ਲੂਮਾਂ ਦੇ ਹੱਕਾਂ ਲਈ ਲੜਨਾਂ
ਤੇ ਵੰਡ ਛਕਣ ਦੀ ਜਾਚ
ਕਰ ਕਿਰਤ ਕਮਾਈ ਹੱਕ ਦੀ
ਵਿਰਸੇ ਦਾ ਮਾਣ ਵਧਾਵਾਂਗਾ

ਨਾ ਪਹਿਲਾਂ ਕੋਈ ਅਹਿਸਾਸ ਸੀ
ਕਿੰਝ ਪੱਛਮ ਦਾ ਸੰਸਾਰ
ਚਕਾ ਚੌਂਧ ਵਿੱਚ ਭੁੱਲੇ ਜਿਸਦੀ
ਮਿੱਤਰ ਪਿਆਰੇ ਜਿਗਰੀ ਯਾਰ
ਹੁਣ ਬੈਠ ਉਨ੍ਹਾਂ ਦੇ ਸਾਹਮਣੇ
ਕਿੱਦਾਂ ਅੱਖ ਮਿਲਾਵਾਂਗਾ

ਪਹਿਲਾ ਹੱਲਾ ਜੋ ਪਰਿਵਾਸ ਦਾ ਝੱਲਿਆ
ਉਹ ਸੀ ਝੱਖੜ ਸਰਦ ਹਵਾਵਾਂ ਦਾ
ਫਿਰ ਡਾਲਰਾਂ ਦੀ ਦੌੜ ਨੇ ਕੀਤਾ
ਹੱਲਾ ਸਖ਼ਤ ਸਜਾਵਾਂ ਦਾ
ਕੁਝ ਅਸਰ ਅਜ਼ਾਦ ਫਿਜਾਵਾਂ ਦਾ
ਚੇਤਾ ਭੁੱਲ ਗਿਆ ਵਤਨ ਦੇ ਰਾਹਵਾਂ ਦਾ

ਹੁਣ ਦਿਲ ਦੇ ਵਰਕੇ ਸੂਹੇ 'ਤੇ
ਇਕ ਦੀਪ ਜਗਾ ਕੇ ਰੱਖਦਾ ਹਾਂ
ਮੁੱਕੇਗੀ ਭੈੜੀ ਔੜ ਕਦੀ
ਇਹ ਆਸ ਬੰਨ੍ਹਾ ਕੇ ਰੱਖਦਾ ਹਾਂ
ਜੂਝ ਰਹੇ ਰਾਹੀਆਂ ਸੰਗ ਮਿਲਕੇ
ਵਾਅਦਾ! ਸਾਥ ਨਿਭਾਉਂਦਾ ਜਾਵਾਂਗਾ

ਹੁਣ ਇੱਥੋਂ ਦਾ ਹੀ ਹੋ ਕੇ ਰਹਿ ਗਿਆ
ਗੱਲ ਦਿਲ ਦੀ 'ਔਜਲਾ' ਕਹਿ ਗਿਆ
ਕਦੀ ਮੌਕਾ ਬਣਿਆ ਜੇ ਵਤਨੀ ਜਾਣ ਦਾ
ਬੱਸ! ਸਿਜਦਾ ਕਰਨ ਹੀ ਜਾਵਾਂਗਾ
ਏਨਾ ਕੁ ਤਾਂ ਫ਼ਰਜ਼ ਨਿਭਾਵਾਂਗਾ

## ਬੁਢਾਪਾ

ਕਿਹੋ ਜਿਹਾ ਬੁਢਾਪਾ ਆਇਆ
ਅੱਖੀਆਂ ਅੱਗੇ ਹਨ੍ਹੇਰਾ ਛਾਇਆ
ਖੋਈ ਐਨਕ ਲੱਭਣ ਦੇ ਲਈ
ਸ਼ੀਸ਼ਾ ਇਕ ਮੈਂ ਬੋਝੇ ਪਾਇਆ
ਬੈਠੀ ਕੋਲ ਇੰਝ ਲੱਗੇ ਬੁੱਢੜੀ
ਜਿੱਦਾਂ ਕਿਸੇ ਪ੍ਰੇਤ ਦਾ ਸਾਇਆ
ਕਿਹੋ ਜਿਹਾ-------
ਬੁੱਢੀ ਜਦੋਂ ਹੈ ਗਾਲ਼ਾਂ ਦਿੰਦੀ
ਗੱਲ ਕੋਈ ਨਹੀਂ ਪੱਲੇ ਪੈਂਦੀ
ਖੂੰਢੀ ਨਾਲ ਫੇਰ ਦਵੇ ਹਲੂਣਾ
ਕਹਿੰਦੀ ਖਾ ਖਾ ਹੋ ਗਿਆ ਦੂਣਾ
ਉਹਨੂੰ ਹੁਣ ਮੈਂ ਕਿੰਝ ਸਮਝਾਵਾਂ
ਕੱਲ੍ਹ ਦਾ ਮੂੰਹ ਨੂੰ ਕੁਝ ਨਹੀਂ ਲਾਇਆ
ਗੋਡੇ ਤੇ ਦੰਦ ਜਾਅਲੀ ਹੋ ਗਏ
ਮੋਰ ਪੱਟਾਂ ਦੇ ਕਿੱਧਰੇ ਖੋ ਗਏ
ਦਿਲ ਤਾਂ ਅਜੇ ਵੀ ਪੂਰਾ ਧੜਕੇ
ਉੱਠ ਖੜ੍ਹਦਾਂ ਹਾਂ ਸੋਟੀ ਫੜਕੇ
ਜਿੰਨਾ ਜਿਉਂਣਾ ਨਾਲ ਖੁਸ਼ੀ ਦੇ
ਡਰਕੇ ਨਹੀਂ ਕਦੇ ਰੱਬ ਧਿਆਇਆ
ਕਿਹੋ ਜਿਹਾ------
ਗੋਰੀ ਨਰਸ ਜਦੋਂ ਹੈ ਆਉਂਦੀ
ਮੈਨੂੰ ਟੱਬ ਦੇ ਵਿੱਚ ਨਹਾਉਂਦੀ
ਬੁੱਢੜੀ ਮੇਰੀ ਰੌਲ਼ਾ ਪਾਉਂਦੀ
ਕਹੂ, ਕਾਹਤੋਂ ਤੈਨੂੰ ਸ਼ਰਮ ਨਹੀਂ ਆਉਂਦੀ
ਗੱਲਾਂ ਸੁਣ ਸੁਣ ਹੱਸਦੀ ਗੋਰੀ
ਸਾਰਾ ਕਿੱਸਾ ਜਦ ਸਮਝਾਇਆ
ਮੈਨੂੰ ਜਦੋਂ ਵੀ ਗੱਲ ਭੁੱਲ ਜਾਵੇ
ਬੁੱਢੜੀ ਖਿਝ ਖਿਝ ਯਾਦ ਕਰਾਵੇ
ਲਾਗੇ ਬੈਠ ਕੇ ਪੁੱਤ ਸਮਝਾਵੇ
ਕਿੰਨਾ ਖਰਚਾ ਮਰਨ 'ਤੇ ਆਵੇ
ਨਾਂ ਮੇਰਾ ਅਕਾਉਂਟ 'ਚ ਪਾ ਦਿਓ
ਅਮਲ ਕਰੋ ਮੈਂ ਜੋ ਸਮਝਾਇਆ
ਇਕ ਨਾ ਇਕ ਦਿਨ ਤਾਂ ਹੁਣ ਮਰਨਾ
ਏਡਾ ਘਰ ਦੱਸ ਤੁਸੀਂ ਕੀ ਕਰਨਾ
ਨਾਂ ਕਰਵਾਏ ਬਿਨਾਂ ਨਹੀਂ ਸਰਨਾ
ਸੀਨੀਅਰ ਹੋਮ 'ਚ ਛੱਡ ਆਵਾਂਗੇ
ਫਾਦਰਜ਼ ਡੇਅ 'ਤੇ ਰਹਾਂਗੇ ਮਿਲਦੇ
ਉਂਝ ਵੀ ਕਰ ਲਿਉ ਫ਼ੋਨ ਜਦੋਂ ਦਿਲ ਚਾਹਿਆ
ਕਿਹੋ ਜਿਹਾ ਬੁਢਾਪਾ-------

## ਤੀਜੀ ਅੱਖ

ਨਾ ਹੈ ਇਹ ਭੂ ਹੇਰਵਾ
ਨਾ ਪੱਛਮ ਦਾ ਮਾਣ ਹੈ
ਨਾ ਦਾਅਵੇਦਾਰੀ ਸ਼ਾਇਰ ਦੀ
ਨਾ ਫਰਜ਼ਾਂ ਦਾ ਗੁਣਗਾਨ ਹੈ
ਇਹ ਤਾਂ ਤੀਜੀ ਅੱਖ ਦੇ
ਖੁੱਲ੍ਹਣ ਦੀ ਪਹਿਚਾਣ ਹੈ
ਬਰਫ਼ਾਂ 'ਚੋਂ ਫੁੱਟਿਆ ਲਾਵਾ ਹੈ
ਰੂਹਾਂ 'ਤੇ ਲੱਗੀ ਸਾਣ ਹੈ
ਸਿਸਕੀਆਂ ਭਰਦੇ ਸਾਹਾਂ ਲਈ
ਫਿਰ ਜਿਉਂਣ ਦਾ ਅਰਮਾਨ ਹੈ
ਜੰਗਾਂ ਦੇ ਖ਼ੂਨੀ ਭੇੜੀਏ
ਸੰਗ ਜੰਗ ਦਾ ਐਲਾਨ ਹੈ
ਦਿਲਾਂ 'ਚੋਂ ਉੱਠੀ ਹੂਕ ਲਈ
ਸ਼ਬਦਾਂ ਦਾ ਅਗਨੀ ਬਾਣ ਹੈ
ਇਹ ਦਰਦ ਹੈ ਬੇਵਸ ਰੂਹਾਂ ਦਾ
ਹੈ ਸੰਗਮ ਸਰਦ ਹਵਾਵਾਂ ਦਾ
ਸਦੀਆਂ ਤੋਂ ਲੁੱਟੀ ਕਿਰਤ ਦੇ
ਇਵਜ਼ ਦਾ ਤੂਫਾਨ ਹੈ
ਤੋੜਨ ਲਈ ਸੋਗ ਫਿਜ਼ਾਵਾਂ ਨੂੰ
ਹਰ ਖੌਫ਼ ਹੀ ਪਰਵਾਨ ਹੈ
ਲਟ ਲਟ ਬਲ਼ਕੇ ਮਰਨ ਦਾ
ਪਰਵਾਨੇ ਨੂੰ ਹੀ ਮਾਣ ਹੈ
ਮਨ ਦੀ ਰੀਝ ਪੁਗਾਵਣ ਲਈ
ਇਹ ਹਰਫ਼ਾਂ ਦਾ ਨਿਰਮਾਣ ਹੈ
ਕਰਦਾ ਹੈ ਵਾਅਦਾ 'ਔਜਲਾ'
ਸੱਚ ਤੋਂ ਹਰ ਸ਼ੈਅ ਕੁਰਬਾਨ ਹੈ
ਇਹ ਤਾਂ ਤੀਜੀ ਅੱਖ ਦੇ
ਖੁੱਲ੍ਹਣ ਦੀ ਪਹਿਚਾਣ ਹੈ



ਨਾਹਰ ਔਜਲਾ (ਬਰੈਂਪਟਨ)
416-728-5686




# ਪੰਜਾਬੀ ਦੋਗਾਣਿਆਂ ਦੇ ਪਿੜ ਅੰਦਰ ਲੰਮਾ ਸਮਾਂ ਰਾਜ ਕਰਨ ਵਾਲੀ ਜੋੜੀ

# ਮੁਹੰਮਦ ਸਦੀਕ ਅਤੇ ਰਣਜੀਤ ਕੌਰ

## ਪੰਜਾਬੀ ਲੋਕ-ਗਾਇਕੀ ਦਾ ਥੰਮ #ਮੁਹੰਮਦ ਸਦੀਕ

ਬਚਪਨ ਦਾ ਨਾਮ :- ਮੁਹੰਮਦ ਸਦੀਕ

ਗਾਇਕੀ ਵਿੱਚ ਮੁੱਢਲਾ ਨਾਮ :- ਮੁਹੰਮਦ ਸਦੀਕ ਰਾਮਪੁਰੀ

ਸਥਾਪਤ ਨਾਮ :- ਮੁਹੰਮਦ ਸਦੀਕ

ਜਨਮ ਸਥਾਨ :- (1939) ਰਾਮਪੁਰ ਕਟਾਣੀ,ਨਜ਼ਦੀਕ (ਦੋਰਾਹਾ) ਜਿਲ੍ਹਾ ਲੁਧਿਆਣਾ

ਮਾਤਾ :- ਸ਼੍ਰੀ ਮਤੀ ਪਸਿੰਨੀ ਦੇਵੀ

ਪਿਤਾ :- ਵਲਾਇਤ ਅਲੀ ਖਾਂ

ਉਸਤਾਦ :- ਬਾਕਰ ਹੁਸੈਨ

ਕਲਾ ਦੇ ਖੇਤਰ ਵਿੱਚ ਸ਼ੁਰੂਆਤ -ਵਾਈਲਿਨਿਸਟ (ਸਾਜਿੰਦੇ ਵੱਜੋਂ)

ਨੌਕਰੀ :- ਲੋਕ ਸੰਪਰਕ ਵਿਭਾਗ ਸੰਗਰੂਰ

ਧਰਮ ਪਤਨੀ :-ਸ਼੍ਰੀ ਮਤੀ ਰਫੀਕਨ ਉਰਫ ਸੀਤੋ (ਸਵਰਗਵਾਸੀ)

ਬੱਚੇ - ਛੇ ਬੇਟੀਆਂ-ਨਸੀਮ ਅਖਤਰ, ਨਸਰੀਨ ਅਖਤਰ, ਤਸਕੀਨ ਅਖਤਰ, ਸ਼ਹਿਨਾਜ ਅਖਤਰ, ਮਹਿਨਾਜ ਅਖਤਰ, ਜਾਵੇਦ ਅਖਤਰ

ਪਹਿਲੀ ਰਿਕਾਰਡਿੰਗ - 1961

ਕੰਪਨੀ - ਐਚ.ਐਮ.ਵੀ.

ਪਹਿਲੇ ਗੀਤ - ਜਾਂਦਾ ਹੋਇਆ ਦੱਸ ਨਾ ਗਿਆ

ਲਿੱਖ ਚਿੱਠੀਆਂ ਕਿੱਧਰ ਨੂੰ ਪਾਵਾਂ

ਮੈਂ ਨਵਿਆਂ ਫੈਸ਼ਨਾਂ ਵਾਲੀ

ਕੁੜੀਆਂ 'ਚ ਹੌਲਦਾਰਨੀ

ਪਹਿਲਾ ਗੀਤਕਾਰ - ਇੰਦਰਜੀਤ ਹਸਨਪੁਰੀ

ਪਹਿਲਾ ਹਿੱਟ ਗੀਤ - ਮੇਰੀ ਐਸੀ ਝਾਂਜਰ ਛਣਕੇ

ਛਣਕਾਟਾ ਪੈਂਦਾ ਗਲੀ ਗਲੀ

ਗੀਤਕਾਰ - ਦੀਦਾਰ ਸੰਧੂ

ਪਹਿਲੀ ਸਹਿ ਗਾਇਕਾ - ਰਜਿੰਦਰ ਰਾਜਨ

ਰਣਜੀਤ ਕੌਰ ਨਾਲ ਮੇਲ - 1967

ਰਣਜੀਤ ਕੌਰ ਨਾਲ ਪਹਿਲੀ ਰਿਕਾਰਡਿੰਗ - 1967

ਰਣਜੀਤ ਕੌਰ ਨਾਲ ਪਹਿਲੇ ਗੀਤ - ਚਾਰ

1 - ਜੇ ਤੂੰ ਸੁਨਿਆਰੇ ਕੋਲੋਂ ਨੱਤੀਆਂ

2- ਤੇਰਾ ਲੈਣ ਮੁਕਲਾਵਾ ਨੀ ਮੈਂ ਆਇਆ ਬੱਲੀਏ

3- ਪਹਿਲੇ ਨਰਾਤੇ ਲੈਣ ਆ ਗਿਆ

4- ਭਰਮਾਂ ਦਿਆ ਪੱਟਿਆ ਸਾਗ ਤੋੜ ਕੇ ਲਿਆਈ ਵੇ

ਸਹਿ ਗਾਇਕਾਵਾਂ - ਰਜਿੰਦਰ ਰਾਜਨ, ਸਵਰਨਲਤਾ, ਨਰਿੰਦਰ ਬੀਬਾ, ਸੁਰਿੰਦਰ ਕੌਰ, ਰਤਨਿਕਾ ਤਿਵਾੜੀ, ਡੌਲੀ ਗੁਲੇਰੀਆ, ਅਨੁਰਾਧਾ ਪੌਡਵਾਲ, ਰਣਜੀਤ ਕੌਰ, ਸੁਖਜੀਤ ਕੌਰ

ਗੀਤਕਾਰ ਜਿਹਨਾਂ ਦੇ ਰਚੇ ਗੀਤਾਂ ਨੂੰ ਗਾਇਆ --ਇੰਦਰਜੀਤ ਹਸਨਪੁਰੀ, ਦੇਵ ਥਰੀਕੇ ਵਾਲਾ, ਗਿਆਨ ਚੰਦ ਧਵਨ, ਬਾਬੂ ਰਜਬ ਅਲੀ, ਗਿਆਨੀ ਸੋਹਣ ਸਿੰਘ ਸੀਤਲ,ਸਾਜਨ ਰਾਏਕੋਟ, ਲਾਭ ਚਿਤਾਮਲੀ ਵਾਲਾ, ਗਾਮੀ ਸੰਗਤਪੁਰੀਆ, ਗੁਰਜੰਟ ਸਿੰਘ ਵਿਰਕ, ਚਮਨ ਲਾਲ ਸ਼ੁਗਲ, ਲਖਵਿੰਦਰ ਮਾਨ, ਦੀਦਾਰ ਸੰਧੂ, ਗਿੱਲ ਜਥੋਮਾਜਰੇ ਵਾਲਾ, ਬਿੱਕਰ ਮਹਿਰਾਜ, ਗੁਰਮੇਲ ਢਿੱਲੋਂ ਭੁੱਖਿਆਂਵਾਲੀ ਵਾਲਾ, ਸੁਰਜੀਤ ਸਿੰਘ ਢਿੱਲੋਂ ਪਿੱਥੋਂ ਵਾਲਾ,,ਸੁਰੇਸ਼ ਬਾਂਸਲ ਬਾਪਲੇ ਵਾਲਾ, ਜਰਨੈਲ ਘੁਮਾਣ , ਪ੍ਰੋਫੈਸਰ ਮੋਹਨ ਸਿੰਘ, ਪਰਮਜੀਤ ਸਲਾਰੀਆ,ਧਰਮ ਕੰਮੇਆਣਾ, ਪਰੀਤ ਕਾਲਝਰਾਨੀ, ਕੁਲਵਿੰਦਰ ਕੰਵਲ, ਰਾਜ ਬਰਾੜ, ਗੁਰਚਰਨ ਵਿਰਕ,ਜਨਕ ਸ਼ਰਮੀਲਾ, ਮਲਕੀਤ ਗਿੱਲ ਲੂਲਬਾਈ ਵਾਲਾ, ਬਾਬੂ ਸਿੰਘ ਮਾਨ ਮਰਾੜਾਂ ਵਾਲਾ

ਸਭ ਤੋਂ ਵੱਧ ਗੀਤ ਸ੍ਰ ਬਾਬੂ ਸਿੰਘ ਮਾਨ ਮਰਾੜਾਂ ਵਾਲਿਆਂ ਦੇ ਗਾਏ ਬਾਬੂ ਸਿੰਘ ਮਾਨ ਮਰਾੜਾਂ ਵਾਲੇ ਨਾਲ ਜਸਵੰਤ ਭੰਵਰਾ ਰਾਹੀਂ ਮੇਲ ਹੋਇਆ ਇਸ ਤਰਾਂ ਮੁਹੰਮਦ ਸਦੀਕ ਰਣਜੀਤ ਕੌਰ ਬਾਬੂ ਸਿੰਘ ਮਾਨ ਮਰਾੜਾਂ ਵਾਲੇ ਦੀ ਤ੍ਰਿਵੈਣੀ ਬਣ ਗਈ

ਸੰਗੀਤਕਾਰ ਜਿਹਨਾਂ ਜਿਹਨਾਂ ਨਾਲ ਕੰਮ ਕੀਤਾ ---ਜਸਵੰਤ ਭੰਵਰਾ, ਕੇਸਰ ਸਿੰਘ ਨਰੂਲਾ, ਕੇ ਪੰਨਾਂ ਲਾਲ, ਪੰਡਿਤ ਜਵਾਲਾ ਪ੍ਰਸਾਦ, ਵੇਦ ਸੇਠੀ, ਚਰਨਜੀਤ ਆਹੂਜਾ, ਅਤੁੱਲ ਸ਼ਰਮਾ,ਨਿਰਮਲ ਸਿੱਧੂ, ਸੁਰਿੰਦਰ ਬਚਨ, ਵਰਿੰਦਰ ਬਚਨ, ਅਲੀ ਅਕਬਰ



ਮੁਹੰਮਦ ਸਦੀਕ ਰਣਜੀਤ ਕੌਰ ਨਾਲ ਮੇਰੀ ਲੱਗਭੱਗ 35 ਵਰ੍ਹੇ ਪੁਰਾਣੀ ਤਸਵੀਰ

## ਪੰਜਾਬੀ ਦੋਗਾਣਿਆਂ ਦੀ ਬੁੱਲਬੁਲ # ਰਣਜੀਤ ਕੌਰ

ਨਾਮ - ਰਣਜੀਤ ਕੌਰ

ਘਰੇਲੂ ਨਾਮ - ਗੁੱਡੋ

ਜਨਮ ਸਥਾਨ- ਰੋਪੜ 18 ਅਕਤੂਬਰ 1950

ਮਾਤਾ -ਸ਼੍ਰੀ ਮਤੀ ਪ੍ਰਕਾਸ਼ ਕੌਰ

ਪਿਤਾ - ਗਿਆਨੀ ਆਤਮਾ ਸਿੰਘ

ਭਰਾ - ਜਗਜੀਤ ਸਿੰਘ, ਪਰਮਵੀਰ ਸਿੰਘ

ਭੈਣਾਂ - ਕੁਲਦੀਪ ਕੌਰ, ਬਲਵੰਤ ਕੌਰ, ਜਸਵੀਰ ਕੌਰ

ਪਹਿਲੀ ਰਿਕਾਰਡਿੰਗ - ਅਮਰ ਸਿੰਘ ਸ਼ੇਰਪੁਰੀ ਨਾਲ

ਦੋ - ਗੀਤ

ਮਾਹੀ ਵੇ ਮਾਹੀ ਮੈਨੂੰ ਭੰਗ ਚੜ ਗਈ

ਨੀ ਜੱਟ ਮੱਘਾ ਜਿਹਾ ਗਾਲ ਬਿਨਾਂ ਨਾ ਬੋਲੇ

ਪਹਿਲਾ ਗੀਤਕਾਰ - ਸੱਜਣ ਸਿੰਘ ਹੂੰਝਣ

ਕੰਪਨੀ - ਐਚ ਐਮ ਵੀ

ਰਣਜੀਤ ਕੌਰ ਨਾਲ ਜਿੰਨਾਂ ਹੋਰ ਗਾਇਕਾਂ ਦੀ ਰਿਕਾਰਡਿੰਗ ਹੋਈ -ਅਮਰ ਸਿੰਘ ਸ਼ੇਰਪੁਰੀ, ਕਰਨੈਲ ਗਿੱਲ, ਰੰਗਾ ਸਿੰਘ ਮਾਨ, ਕੁਲਦੀਪ ਹੀਰੋ, ਮੁਹੰਮਦ ਰਫੀ, ਮਹਿੰਦਰ ਕਪੂਰ, ਸੁਰੇਸ਼ ਵਾਡੇਕਰ ਤੇ ਮੁਹੰਮਦ ਸਦੀਕ

ਮੁਹੰਮਦ ਸਦੀਕ ਤੇ ਰਣਜੀਤ ਕੌਰ ਜੋੜੀ ਦੀ ਪਹਿਲੀ ਸਟੇਜ 4 ਮਾਰਚ 1967 ਪਿੰਡ ਰਾਜੇਆਣਾ ਤਹਿਸੀਲ ਬਰਨਾਲਾ (ਜ਼ਿਲ੍ਹਾ ਸੰਗਰੂਰ) 34 ਸਾਲ 11 ਮਹੀਨਿਆਂ ਦਾ ਸਾਥ ਨਿਭਾਅ ਕੇ ਪੰਜਾਬੀਆਂ ਦੇ ਦਿਲਾਂ ਤੇ ਰਾਜ ਕਰਦੀ ਇਹ ਜੋੜੀ ਆਖਰ 23 ਫਰਵਰੀ 2002 ਵਿੱਚ ਵੱਖ ਹੋ ਗਈ ਜੋ ਕਦੇ ਨਾ ਪੂਰਿਆ ਜਾਣ ਵਾਲਾ ਘਾਟਾ ਹੈ

**ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।**

**403-232-6220**

**facebook** ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਜਦੋਂ ਮੇਰੇ ਸਕੂਟਰ ਨੇ ਇਕੱਲਿਆਂ ਹੀ ਡਰਾਇਵਿੰਗ ਟੈਸਟ ਦਿੱਤਾ !

ਮੈਂ ਮਾਨਸਾ ਤੋਂ ਕਲਾ ਕਿਤਾਬ ਮੇਲਾ ਵੇਖ ਕੇ ਵਾਪਸ ਮੁੜ ਰਿਹਾ ਸੀ। ਜਦੋਂ ਮੈਂ ਡੀ ਟੀ ਓ ਦਫਤਰ ਸਾਹਮਣੇ ਪੁੱਜਾ ਤਾਂ ਇੱਕ ਨੌਜਵਾਨ ਨੇ ਮੈਨੂੰ ਰੁਕਣ ਦਾ ਇਸ਼ਾਰਾ ਕੀਤਾ। ਮੈਂ ਸਕੂਟਰ ਰੋਕਿਆ ਤਾਂ ਉਸ ਨੌਜਵਾਨ ਨੇ ਕਿਹਾ ਅੰਕਲ ਪਲੀਜ ਸਾਨੂੰ ਪੰਜ ਕੁ ਮਿੰਟ ਤੁਹਾਡਾ ਸਕੂਟਰ ਚਾਹੀਦੈ ਜੀ। ਮੇਰੀ ਮੰਮੀ ਨੇ ਡਰਾਇਵਿੰਗ ਲਾਇਸੰਸ ਲਈ ਟੈਸਟ ਦੇਣਾ ਹੈ। ਨਾਲ ਹੀ ਉਸਨੇ ਦੱਸਿਆ ਕਿ ਜਾਣਕਾਰੀ ਨਾ ਹੋਣ ਕਾਰਨ ਅਸੀਂ ਕਾਰ ਤਾਂ ਲੈ ਆਏ ਪਰ ਸਕੂਟਰ ਨਹੀਂ ਲਿਆਏ। ਮੈਂ ਉਨ੍ਹਾਂ ਨੂੰ ਸਕੂਟਰ ਦਿੱਤਾ ਅਤੇ ਦਫਤਰ ਵਾਲਿਆਂ ਨੇ ਕੰਪਿਊਟਰ ਕੈਮਰੇ ਚਾਲੂ ਕਰਕੇ ਟੈਸਟ ਦੇਣ ਆਈ ਸਕੂਟਰ ਚਲਾਉਂਣ ਲਈ ਕਿਹਾ। ਉਸ ਔਰਤ ਨੇ ਟੈਸਟ ਦੇਣ ਲਈ ਬਣੇ ਵਿੰਗੇ ਟੇਢੇ ਰਸਤੇ 'ਤੇ ਸਕੂਟਰ ਚਲਾਇਆ ਅਤੇ ਦਫਤਰ ਵਾਲਿਆਂ ਨੇ ਸਹੀ ਕੀਤਾ। ਉਨ੍ਹਾਂ ਮੇਰਾ ਧੰਨਵਾਦ ਕੀਤਾ ਅਤੇ ਮੈਂ ਸਕੂਟਰ ਲੈ ਕੇ ਖਿਆਲੇ ਵੱਲ ਚੱਲ ਪਿਆ।

ਰਸਤੇ ਵਿੱਚ ਇੱਕ ਉੱਖਲੀ ਵਿੱਚ ਸਕੂਟਰ ਵੱਜਿਆ ਤਾਂ ਇੱਕ ਅਵਾਜ ਆਈ ਸ਼ਾਇਦ ਇਹ ਅਵਾਜ ਸਕੂਟਰ ਵਿੱਚੋਂ ਆਈ ਸੀ। ਸਕੂਟਰ ਨੇ ਮੈਨੂੰ ਸਵਾਲ ਕੀਤਾ ਤੁਸੀਂ ਇਸ ਤਰ੍ਹਾਂ ਟੈਸਟ ਕਿਉਂ ਨਹੀਂ ਦਿੱਤਾ ?

ਮੈਂ ਕਿਹਾ ਮੈਂ ਤੈਨੂੰ ਲਿਆਉਂਣ ਤੋਂ ਪਹਿਲਾਂ ਟੈਸਟ ਪਾਸ ਕਰ ਲਿਆ ਸੀ ਇਸ ਲਈ। ਸਕੂਟਰ ਨੇ ਇੱਕ ਹੋਰ ਸਵਾਲ ਕੀਤਾ। ਜਦੋਂ ਮਹਿਕਮੇ ਵਾਲੇ ਸਭਦੇ ਲਾਇਸੰਸ ਟੈਸਟ ਲੈ ਕੇ ਬਣਾਉਂਦੇ ਹਨ ਫਿਰ ਹਾਦਸੇ ਕਿਉਂ ਵਾਪਰਦੇ ਹਨ ? ਮੈਂ ਚੁੱਪ ਰਿਹਾ। ਸਕੂਟਰ ਨੇ ਫਿਰ ਸਵਾਲ ਕੀਤਾ ਭਿੜਦੇ ਤੇਜ ਅਤੇ ਗੈਰ ਨਿਯਤ ਵਾਹਨ ਨੇ ਅਤੇ ਕੁਲਹਿਣੀਆਂ ਤੇ ਖੂਨੀ ਤੁਸੀਂ ਸੜਕਾਂ ਨੂੰ ਕਹੀਂ ਜਾਂਦੇ ਹੋਂ ? ਮੈਥੋਂ ਰਿਹਾ ਨਾ ਗਿਆ। ਸਕੂਟਰ ਮਾਹਰਾਜ ਜਦੋਂ ਚੌਂਕੀਦਾਰ ਹੀ ਚੋਰ ਬਣ ਬੈਠੇ ਫਿਰ ਰਾਖੀ ਕੌਣ ਕਰੇ। ਇੱਥੇ ਲਾਇਸੰਸ ਬਣਾਉਂਣ ਵੇਲੇ ਵੀ ਕੋਈ ਕਾਨੂੰਨ ਨਹੀਂ ਅਤੇ ਗੱਡੀ ਚਲਾਉਣ ਵੇਲੇ ਵੀ। ਦੋਸ਼ੀ ਸਰਕਾਰੀ ਸਿਸਟਮ ਵੀ ਪੂਰੈ ਤੇ ਘੱਟ ਆਮ ਲੋਕ ਵੀ ਨਹੀਂ। ਪੰਜਾਬ ਵਿਚ ਜਿਹੜਾ 6000 ਬੰਦਾ ਹਰ ਸਾਲ ਮਰਦੈ ਉਨ੍ਹਾਂ ਨੂੰ ਕਾਰਾਂ ਜੀਪਾਂ ਨੀਂ ਮਾਰਦੀਆਂ ਉਨ੍ਹਾਂ ਨੂੰ ਡਰਾਇਵਰ ਮਾਰਦੇ ਹਨ। ਸਟੇਅਰਿੰਗਾਂ 'ਤੇ ਬੈਠਣ ਵਾਲੇ ਅੱਧੋਂ ਵੱਧ ਚਾਲਕ ਕੋਈ ਨਾ ਕੋਈ ਨਸ਼ਾ ਕਰਦੇ ਹਨ। ਸ਼ਾਮ ਨੂੰ ਸੋਫੀ ਡਰਾਇਵਰਾਂ ਤੋਂ ਵੱਧ ਗਿਣਤੀ ਸ਼ਰਾਬੀ ਡਰਾਈਵਰਾਂ ਦੀ ਹੁੰਦੀ ਹੈ। ਸਕੂਟਰ ਭਰਾ ਤੁਹਾਨੂੰ ਤਾਂ ਬੰਦਾ ਚਾਰ ਛਿੱਲੜ ਖਰਚ ਕੇ ਖਰੀਦ ਲੈਂਦੈ ਪਰ ਡਰਾਇਵਰੀ ਦੀ ਕਲਾ ਜਾਂ ਸਮਾਜ ਵਿੱਚ ਚੱਲਣ ਦੇ ਗੁਣ ਕਿਹੜੀ ਦੁਕਾਨ ਤੋਂ ਖਰੀਦੇ। ਬਹੁਤੇ ਡਰਾਇਵਰ ਆਪਣੀਆਂ ਗਲਤੀਆਂ ਛੁਪਾਉਂਣ ਲਈ ਸਾਰਾ ਰਾਹ ਦੂਸਰੇ ਡਰਾਇਵਰਾਂ ਨੂੰ ਗਾਲ਼ਾਂ ਕੱਢ ਕੇ ਲੰਘਾ ਦਿੰਦੇ ਹਨ। ਦੋਸ਼ ਕਿਸੇ ਇੱਕ ਦਾ ਨਹੀਂ ਡੰਡੇ ਦੀ ਘਾਟ ਕਾਰਨ ਆਵਾ ਹੀ ਊਤਿਆ ਹੋਇਆ ਹੈ। ਬਾਕੀ ਭਾਈ ਜੀਹਨੂੰ ਸੇਕ ਲੱਗ ਜਾਂਦੈ ਉਸਨੂੰ ਆਪੇ ਮੱਤ ਆ ਜਾਂਦੀ ਹੈ। ਮੈਂ ਸਕੂਟਰ ਨੂੰ ਕਿਹਾ ਹੁਣ ਤੂੰ ਚੁੱਪ ਕਰਕੇ ਸਿੱਧਾ ਤੁਰਿਆ ਚੱਲ ਅੱਗੇ ਮਾਨਸਾ ਤੋਂ ਭੀਖੀ ਵਾਲੀ ਸੜਕ ਆਉਂਣ ਵਾਲੀ ਹੈ। ਜੇ ਬਾਹਲਾ ਬੋਲਿਆ ਤਾਂ ਸੜਕ ਦਬਣ ਕਰਕੇ ਬਣੇ ਹੋਏ ਖਾਲ਼ਾਂ ਅਤੇ ਖੱਡਿਆਂ 'ਚ ਮਾਰ ਮਾਰ ਧਰਨ ਪਾ ਦਊਂ ਤੇਰੇ। ਦੋ ਤਿੰਨ ਵਾਰੀ ਸਜਾ ਭੁਗਤ ਚੁੱਕਾ ਸਕੂਟਰ ਚੁੱਪ ਕਰ ਗਿਆ।



**ਹਰਦੀਪ ਸਿੰਘ ਜਟਾਣਾ**
9417254517




# ਮੇਰਾ ਭਾਵੇਂ ਝੁੱਗਾ ਚੌੜ ਹੋ ਜੇ, ਮੈਂ ਤਾਂ ਉਹਦੀ ਛਾਤੀ 'ਤੇ ਮੂੰਗ ਦਲ਼ ਕੇ ਰਹੂੰ

**ਮਾਚਿਸ ਕੀ ਜ਼ਰੂਰਤ ਯਹਾਂ ਨਹੀਂ ਹੋਤੀ**
**ਯਹਾਂ ਤੋ ਆਦਮੀ ਹੀ ਆਦਮੀ ਸੇ ਜਲਤਾ ਹੈ।**
**- ਗੁਲਜ਼ਾਰ**

ਮਨੁੱਖੀ ਮਨ ਸਭ ਤੋਂ ਉਪਜਾਊ, ਸਭ ਤੋਂ ਭਰੋਸੇਮੰਦ ਅਤੇ ਸਭ ਤੋਂ ਖ਼ਤਰਨਾਕ ਧਰਤ ਹੈ। ਇੱਥੇ ਚੰਗੇ ਜਾਂ ਮੰਦੇ ਖਿਆਲ ਸਾਰੀ ਉਮਰ ਆਪੋ ਆਪਣੀ ਭੂਮਿਕਾ ਨਿਭਾਉਂਦੇ ਹਨ। ਇਸੇ ਅਨੁਸਾਰ ਅਸੀਂ ਦੁਆਲ਼ੇ ਦਾ ਰਾਬਤਾ ਕਾਇਮ ਕਰਦੇ ਹਾਂ। ਚੰਗੇ ਵਿਚਾਰਾਂ ਦੀ ਗੱਲ ਕਦੇ ਫੇਰ ਸਹੀ, ਅੱਜ ਕਿਸੇ ਫ਼ਜ਼ੂਲ ਜਿਹੀ ਫ਼ਸਲ ਦੀ ਗੱਲ ਤੋਰਨ ਲੱਗੇ ਹਾਂ। ਵਿਹਲੀ ਪਈ ਜ਼ਮੀਨ 'ਤੇ ਜਿਵੇਂ ਝਾੜੀਆਂ ਜਾਂ ਬੂਝੇ ਆਪੇ ਉੱਗ ਪੈਂਦੇ ਹਨ, ਉਵੇਂ ਹੀ ਸਾਕਾਰ ਸੋਚ ਬਿਨਾਂ ਸਾਡੇ ਮਨ ਦੀ ਧਰਤ 'ਤੇ ਵੀ ਝਾੜੀਆਂ-ਬੂਝੇ ਉੱਠ ਪੈਂਦੇ ਹਨ। ਇਹ ਫ਼ਸਲ ਬੇ-ਤਰਤੀਬੀ, ਬੇ-ਸ਼ਹੂਰ ਹੁੰਦੀ ਹੈ, ਮਾਰੂ ਵਿਚਾਰਾਂ ਵਿੱਚੋਂ ਇੱਕ ਹੈ ਈਰਖਾ ਕਰਨਾ। ਸਾਡੇ ਹਾਣੀ, ਸਾਡੇ ਸਹਿਕਰਮੀ, ਜਾਂ ਸਾਡੇ ਨਾਲ਼ ਨਿਭ ਰਹੇ ਲੋਕ ਜਦੋਂ ਕਿਸੇ ਵੀ ਖੇਤਰ ਵਿੱਚ ਸਾਨੂੰ ਪਛਾੜ ਦੇਣ ਤਾਂ ਅਸੀਂ ਉਸ ਦੀ ਰੀਸ ਕਰਨ ਦੀ ਥਾਂ ਸਾੜਾ ਕਰਨ ਲਗਦੇ ਹਾਂ। ਇਸ ਭਾਵਨਾ ਨੂੰ ਈਰਖਾ ਕਿਹਾ ਜਾਂਦਾ ਹੈ। ਈਰਖਾ ਦੀ ਭਾਵਨਾ ਦੂਜੇ ਦੀ ਪ੍ਰਾਪਤੀ ਅਤੇ ਆਪਣੀ ਅਯੋਗਤਾ ਜਾਂ ਅਸਮਰੱਥਾ ਵਿੱਚੋਂ ਹੀ ਜਨਮਦੀ ਹੈ। ਹਰ ਮਨੁੱਖ ਦੀ ਇਹ ਜਮਾਂਦਰੂ ਲਾਲਸਾ ਰਹੀ ਹੈ ਕਿ ਮੇਰੀ ਦਿੱਖ, ਮੇਰੀ ਹੋਂਦ, ਮੇਰੀ ਹਰ ਹਰਕਤ ਹੋਰਨਾਂ ਨਾਲ਼ੋਂ ਵਧੀਆ ਹੋਵੇ। ਇਸ ਲਈ ਆਪਣੀ ਪ੍ਰਸ਼ੰਸਾ ਅਤੇ ਹੋਰਾਂ ਦਾ ਦੋਸ਼ ਤਸੱਲੀ ਦੇ ਲੈਂਦਾ ਹੈ। ਇਸ ਪ੍ਰਸ਼ੰਸਾ ਦਾ ਜੇ ਕੋਈ ਹੋਰ ਭਾਈਵਾਲ ਪਿੜ ਵਿੱਚ ਆ ਨਿਤਰਦਾ ਹੈ ਤਾਂ ਸਾਨੂੰ ਮੱਲੋਮੱਲੀ ਈਰਖਾ ਹੋ ਜਾਂਦੀ ਹੈ। ਕਿਸੇ ਹੋਰ ਦੀ ਪ੍ਰਾਪਤੀ 'ਤੇ ਅਸੀਂ ਅੰਦਰੋ-ਅੰਦਰੀ ਸੜਦੇ, ਖਿਝਦੇ, ਖਪਦੇ ਅਤੇ ਆਪਣੀ ਹੋਣੀ 'ਤੇ ਝੂਰਦੇ, ਬੇ-ਸ਼ਰਮੀ ਦੇ ਤਾਣ ਉਪਰੋਂ-ਉਪਰੋਂ ਹੱਸ ਕੇ ਆਪਣੀ ਇਸ ਭਾਵਨਾ 'ਤੇ ਢੱਕਣ ਲਾ ਰਹੇ ਹੁੰਦੇ ਹਾਂ। ਈਰਖਾਲੂ ਆਦਮੀ ਸੌੜੀਆਂ ਸੋਚਾਂ ਵਾਲ਼ਾ ਕਿਸੇ ਹੋਰ ਦੀ ਭਲਾਈ ਨਹੀਂ ਲੋਚਦਾ। ਈਰਖਾ ਕਰਨ ਲਈ ਕੋਈ ਵੀ ਬਹਾਨਾ ਬਣ ਜਾਂਦਾ ਹੈ। ਕਿਸੇ ਗੁਆਂਢੀ ਨੇ ਵੱਡੀ ਕਾਰ ਖ਼ਰੀਦੀ ਹੋਵੇ ਜਾਂ ਉਸ ਦੇ ਬੱਚੇ ਨੇ ਕਿਸੇ ਵੀ ਖੇਤਰ ਵਿੱਚ ਮੱਲਾਂ ਮਾਰ ਲਈਆਂ ਹੋਣ ਤਾਂ ਇਸ ਸਾੜੇ 'ਤੇ ਬਲ਼ਦੀ ਉਪਰ ਤੇਲ ਪੈਣ ਵਰਗਾ ਕਾਰਜ ਹੋ ਨਿਬੜਦਾ ਹੈ। ਈਰਖਾ ਕਰਨ ਵਾਲ਼ਾ ਆਪਣੀ ਉਸਾਰੀ ਦੀ ਥਾਂ ਗੁਆਂਢੀ ਦੇ ਨੁਕਸ ਤਲਾਸ਼ਣ 'ਤੇ ਪੂਰੀ ਊਰਜਾ ਲਾ ਸਕਦਾ ਹੈ। ਸਰਬੱਤ ਦੇ ਭਲੇ ਦੀ ਸਤਰ ਉਸ ਤੋਂ ਕੋਹਾਂ ਦੂਰ ਹੁੰਦੀ ਹੈ। ਈਰਖਾ ਕਰਨ ਵਾਲ਼ਾ ਹਰ ਸਮੇਂ ਦੂਜੇ ਦੀ ਬੁਰਾਈ ਲਭਦਾ ਹੈ। ਅਜਿਹੇ ਆਦਮੀ ਨੂੰ ਦੂਜੇ ਦਾ ਹੋਇਆ ਨੁਕਸਾਨ ਖ਼ੂਬ ਤਸੱਲੀ ਦਿੰਦਾ ਹੈ। ਸਿਆਣੇ ਆਖਦੇ ਹਨ ਜੇ ਤੁਸੀਂ ਕਿਸੇ ਦੀ ਖ਼ੁਸ਼ੀ 'ਤੇ ਖ਼ੁਸ਼ ਨਹੀਂ ਹੋਵੋਗੇ ਤਾਂ ਤੁਹਾਡੇ ਦਰ ਤੋਂ ਵੀ ਖ਼ੁਸ਼ੀ ਮੁੱਖ ਮੋੜ ਜਾਏਗੀ। ਇਹ ਕਚੀਹਰਾ ਪੁਰਸ਼ਾਂ ਨਾਲ਼ੋਂ ਔਰਤਾਂ ਵਿੱਚ ਆਮ ਹੀ ਚਲਦਾ ਹੈ। ਇਹ ਦੇਹੀ, ਕੱਪੜੇ, ਗਹਿਣੇ ਜਾਂ ਵਸਤਾਂ ਕਰ ਕੇ ਵੀ ਹੋ ਸਕਦਾ ਹੈ। ਇੱਕ ਵਾਰੀ ਇੱਕ ਲੜਕੀ ਆਪਣੀ ਸਹੇਲੀ ਕੋਲ ਆਪਣੀ ਜਠਾਣੀ ਦੀ ਗੱਲ ਕਰਦੀ ਆਖ ਰਹੀ ਸੀ, 'ਮੇਰਾ ਭਾਵੇਂ ਝੁੱਗਾ ਚੌੜ ਹੋ ਜੇ, ਮੈਂ ਤਾਂ ਉਹਦੀ ਛਾਤੀ 'ਤੇ ਮੂੰਗ ਦਲ਼ ਕੇ ਰਹੂੰ'। ਅਸੀਂ ਅਜਿਹੇ ਸ਼ਬਦ ਈਰਖਾ ਕਰ ਕੇ ਵਰਤੇ ਜਾਂਦੇ ਆਮ ਹੀ ਸੁਣਦੇ ਹਾਂ। ਜਿੱਥੇ ਜੱਟ ਆਪੋ ਵਿੱਚ ਲੜਦੇ ਬਸ ਕੁੱਤੇ ਦੀ ਚਊਂ-ਚਊਂ ਹੀ ਸੁਣਦੇ ਖ਼ੁਸ਼ ਹੁੰਦੇ ਹਨ। ਇਸ ਦਾ ਪਿੜ ਆਮ ਤੌਰ 'ਤੇ ਨਨਾਣ-ਭਰਜਾਈ, ਦਰਾਣੀ-ਜਠਾਣੀ ਜਾਂ ਸ਼ਰੀਕੇ ਭਾਈਚਾਰੇ ਵਿੱਚ ਮਘਦਾ ਵੇਖ ਸਕਦੇ ਹਾਂ। ਹੋਰਾਂ ਲਈ ਵਧੀਆ ਜਿਉਣ ਦਾ ਉਪਦੇਸ਼ ਸਿਰਜਦੇ ਧਰਮੀ ਪੁਰਸ਼ ਜੋ ਹੋਰਨਾਂ ਨੂੰ ਸਾਬਤ ਕਦਮੀਂ ਤੁਰਨ ਦਾ ਆਦੇਸ਼ ਦਿੰਦੇ ਹਨ, ਉਹ ਵੀ ਆਪਣੇ ਪਿੜ ਵਿੱਚਲੇ ਸਭ ਲੋਕਾਂ ਨਾਲ਼ ਈਰਖਾ ਪਾਲ਼ਦੇ ਹਨ। ਈਰਖਾ ਕਰਨ ਵਾਲ਼ੇ ਦਾ ਇੱਕ ਖਾਸਾ ਚੁਗਲੀ ਕਰਨਾ ਵੀ ਹੁੰਦਾ ਹੈ। ਇਹ ਲੋਕ ਆਪਣੀ ਤਾਰੀਫ਼ ਅਤੇ ਦੂਜੇ ਦੀ ਚੁਗਲੀ ਪੂਰੇ ਸੁਆਦ ਨਾਲ਼ ਮਾਣਦੇ ਹਨ। ਬਰਾਬਰ ਦੀ ਧਿਰ ਬਾਰੇ ਕਿਸੇ ਦੇ ਮਾੜੇ ਬੋਲ ਬਹੁਤ ਵਧੀਆ ਲਗਦੇ ਹਨ। ਈਰਖਾ ਕਰਨ ਵਾਲ਼ਾ ਕਿਸੇ ਦਾ ਸੁੱਖ ਨਹੀਂ ਮੰਗਦਾ। ਕਿਸੇ ਦੋ ਪੁਰਸ਼ਾਂ ਵਿੱਚ ਸਾਂਝੀ ਪ੍ਰੇਮਿਕਾ ਕਰ ਕੇ ਇਹ ਭਾਵਨਾ ਪੂਰੇ ਜਲੌਅ ਤੇ ਹੁੰਦੀ ਹੈ। ਹੱਦਾਂ-ਬੰਨੇ ਟੱਪਦੀ ਕਤਲ ਤਕ ਜਾ ਪੁਜਦੀ ਹੈ। ਕਿਸੇ ਰੁਤਬੇ ਨੂੰ ਹਾਸਲ ਕਰਨ ਲਈ ਦੋ ਸਹਿਕਰਮੀ ਸਹਿਜ-ਸੁਭਾਅ ਹੀ ਈਰਖਾ ਕਰ ਬੈਠਦੇ ਹਨ। ਸਾਡੇ ਰਾਜਸੀ ਨੇਤਾ ਵੋਟਾਂ ਲਈ ਵਿਰੋਧੀ ਧਿਰ ਦੇ ਚਿੱਠੇ ਫਰੋਲ਼ਦੇ ਪੂਰੀ ਈਰਖਾ ਕਰਦੇ ਹਨ। ਆਪਣੀ ਕਾਰਜ-ਕੁਸ਼ਲਤਾ ਦੱਸਣ ਦੀ ਥਾਂ ਹੋਰਨਾਂ ਦੇ ਦੋਸ਼ ਕੱਢਣਾ ਉਨ੍ਹਾਂ ਦਾ ਮਨਭਾਉਂਦਾ ਵਿਸ਼ਾ ਹੋ ਜਾਂਦਾ ਹੈ।

ਸਾਡੀਆਂ ਲੋਕ-ਕਹਾਣੀਆਂ ਵਿੱਚ ਈਰਖਾ ਕਰਨ ਵਾਲ਼ੇ ਜਾਂ ਹੋਰਨਾਂ ਦੀ ਬੁਰਾਈ ਕਰਨ ਵਾਲ਼ੇ ਦੀ ਦੁਨੀਆਂ ਤਹਿਸ-ਨਹਿਸ ਹੁੰਦੀ ਦਰਸਾਈ ਗਈ ਹੈ। ਮਿਹਨਤ ਨਾਲ਼ ਹੀ ਤਰੱਕੀ ਦਾ ਰਾਹ ਖੁਲ੍ਹਦਾ ਹੈ। ਉੱਨਤੀ ਕਰਨ ਦਾ ਰਾਹ ਕਦੇ ਵੀ ਛੋਟੇ ਰਸਤੇ ਤੋਂ ਹੋ ਕੇ ਨਹੀਂ ਜਾਂਦਾ। ਈਰਖਾਲੂ ਮਿਹਨਤ ਕਰਨ ਦੀ ਥਾਂ ਜੁਗਾੜ-ਬਿਰਤੀ ਹੀ ਭਾਲ਼ਦਾ ਹੈ। ਅਜਿਹੇ ਲੋਕ ਨਾਂਹ-ਪੱਖੀ ਹੁੰਦੇ ਹੋਏ ਨਾ ਆਪ ਜਿਉਂਦੇ ਹਨ ਨਾ ਹੋਰਨਾਂ ਨੂੰ ਜਿਉਣ ਦਿੰਦੇ ਹਨ। ਇੱਕ ਅਖਾਣ ਹੈ -

**ਜੇ ਤੱਕੀਏ ਪਰ ਨੂੰ ਤਾਂ ਆਉਂਦੀ ਐ ਘਰ ਨੂੰ।**

# ਮਾਨਸਾ ਵਿੱਚ ਇਪਟਾ ਲਹਿਰ ਦੀ ਝੰਡਾਬਰਦਾਰ ਡਾ. ਰਾਜਵੰਤ ਕੌਰ ਪ੍ਰੀਤ ਮਾਨ ਅਜਮੇਰ ਔਲਖ ਐਵਾਰਡ ਨਾਲ਼ ਸਨਮਾਨਿਤ

ਮਾਨਸਾ (ਪੰਜਾਬੀ ਅਖ਼ਬਾਰ ਬਿਊਰੋ ) ਹਰ ਸਾਲ ਵਾਂਗ ਇਸ ਸਾਲ 22 ਮਾਰਚ 2026 ਨੂੰ ਸ਼ਹੀਦ ਭਗਤ ਸਿੰਘ ਕਲਾ ਮੰਚ ਪੰਜਾਬ ਵੱਲੋਂ ਜੰਗ ਨਹੀਂ, ਅਮਨ ਦੇ ਵਿਸ਼ੇ 'ਤੇ ਆਧਾਰਿਤ ਉਨੱਤੀਵੇਂ 'ਕਲਾ-ਕਿਤਾਬ ਮੇਲੇ' ਦਾ ਦਸਮੇਸ਼ ਸੀਨੀਅਰ ਸੈਕੰਡਰੀ ਸਕੂਲ ਮਾਨਸਾ ਵਿਖੇ ਆਯੋਜਨ ਕੀਤਾ ਗਿਆ। ਪਹਿਲੇ ਸੈਸ਼ਨ ਵਿੱਚ ਹਰਦੇਵ ਅਰਸ਼, ਸਵਰਾਜਬੀਰ, ਡਾ. ਵੰਦਨਾ ਚੌਬੇ, ਡਾ. ਸੁਖਦੇਵ ਸਿੰਘ ਸਿਰਸਾ, ਸਤਨਾਮ ਚਾਨਾ, ਸੁਖਦਰਸ਼ਨ ਨੱਤ, ਮਨਜੀਤ ਕੌਰ ਔਲਖ, ਦਰਸ਼ਨ ਜੋਗਾ, ਡਾ. ਕੁਲਦੀਪ ਸਿੰਘ ਦੀਪ, ਡਾ. ਸੰਦੀਪ ਸਿੰਘ ਅਤੇ ਹੋਰ ਵਿਦਵਾਨ ਲੇਖਕ ਸ਼ਾਮਲ ਹੋਏ। ਦੂਜੇ ਸੈਸ਼ਨ ਵਿੱਚ ਤਕੀਬਨ 25 ਸ਼ਾਇਰ ਸ਼ਾਮਲ ਸਨ ਜਿਸ ਦੀ ਪ੍ਰਧਾਨਗੀ ਸੁਰਜੀਤ ਜੱਜ, ਡਾ. ਪਾਲ ਕੌਰ ਅਤੇ ਸਵਰਨਜੀਤ ਸਵੀ ਨੇ ਕੀਤੀ। ਰਾਤ ਦਾ ਸੈਸ਼ਨ ਨਾਟਕਕਾਰ ਮਰਹੂਮ ਬਲਰਾਜ ਮਾਨ ਦੇ ਪਰਿਵਾਰ ਦੁਆਰਾ ਸ਼ਮਾਂ ਰੌਸ਼ਨ ਕਰ ਨਾਲ਼ ਸ਼ੁਰੂ ਹੋਇਆ। ਮੰਚ ਦਾ ਸੰਚਾਲਨ ਗੁਰਨੈਬ ਸਿੰਘ ਅਤੇ ਜਗਜੀਵਨ ਨੇ ਕੀਤਾ। ਜਸਪ੍ਰੀਤ ਕੌਰ ਨੇ ਕਵਿਤਾ ਸੁਣਾਈ। ਕੁਲਦੀਪ ਸਿੰਘ ਦੀਪ ਦਾ ਲਿਖਿਆ ਨਾਟਕ 'ਬੱਚੇ ਜੇ ਬਚੇ ਨਹੀਂ' ਖੇਡਿਆ ਗਿਆ। ਮਾਨਸਾ ਜ਼ਿਲੇ ਦੇ ਲੇਖਕਾਂ ਦੀਆਂ ਅੱਠ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ। ਪੁਸਤਕਾਂ ਦੀਆਂ 15 ਸਟਾਲਾਂ 'ਤੇ ਚੰਗੀ ਰੌਣਕ ਸੀ। ਇਸ ਮੌਕੇ ਕੈਲਗਰੀ ਤੋਂ ਉਚੇਚੇ ਤੌਰ 'ਤੇ ਪਹੁੰਚੀ ਡਾ. ਰਾਜਵੰਤ ਕੌਰ ਪ੍ਰੀਤ ਮਾਨ ਦਾ ਮਨਜੀਤ ਕੌਰ ਔਲਖ, ਰਾਜ ਜੋਸ਼ੀ, ਮਨਜੀਤ ਸਿੰਘ ਚਹਿਲ ਅਤੇ ਸਰਦੂਲ ਸਿੰਘ ਚਹਿਲ ਦੁਆਰਾ 'ਅਜਮੇਰ ਸਿੰਘ ਔਲਖ ਯਾਦਗਾਰੀ ਐਵਾਰਡ' ਨਾਲ਼ ਸਨਮਾਨ ਕੀਤਾ ਗਿਆ। ਪੰਜਾਬੀ ਰੰਗਮੰਚ ਅਤੇ ਫਿਲਮਾਂ ਦੀ ਵੱਡੀ ਹਸਤੀ ਅਨੀਤਾ ਮੀਤ ਅਤੇ ਭੰਡਾਂ ਦੀ ਕਲਾ ਨੂੰ ਜਿਉਂਦਾ ਰੱਖਣ ਵਾਲ਼ੇ ਅਵਤਾਰ ਮੋਗਾ ਦਾ ਸਨਮਾਨ ਕੀਤਾ ਗਿਆ। ਮਾਨਸਾ ਨੇੜਲੇ ਪਿੰਡ ਰੱਲੇ ਦੀ ਦੋਹਤੀ ਡਾ. ਰਾਜਵੰਤ ਕੌਰ ਪ੍ਰੀਤ ਮਾਨ ਦਾ ਸਨਮਾਨ-ਪੱਤਰ ਪੜ੍ਹਦਿਆਂ ਡਾ. ਦੀਪ ਨੇ ਕਿਹਾ ਕਿ 90 ਸਾਲਾ ਮੁਟਿਆਰ ਰਾਜਵੰਤ ਇਪਟਾ ਦੇ ਉਨ੍ਹਾਂ ਸਿਪਾਹਸਲਾਰਾਂ ਵਿੱਚੋਂ ਇਕ ਹੈ ਜਿਨ੍ਹਾਂ ਨੇ ਸ਼ੁਰੂ ਤੋਂ ਲੈ ਕੇ ਅਹਿਮ ਭੂਮਿਕਾ ਨਿਭਾਈ। ਉਸ ਨੇ ਵੱਡੇ ਨਿਰਦੇਸ਼ਕਾਂ ਨਾਲ਼ ਰੰਗਮੰਚ 'ਤੇ ਅਦਾਕਾਰੀ ਕੀਤੀ, ਬਤੌਰ ਅਧਿਆਪਕਾ ਲੋਕ-ਪੱਖੀ ਸਭਿਆਚਾਰ ਦੀ ਜਾਗ ਲਾਈ, ਖ਼ੁਸ਼ਹੈਸੀਅਤ ਟੈਕਸ ਦਾ ਵਿਰੋਧ ਕੀਤਾ ਅਤੇ ਮਹਾਨ ਕਿਸਾਨ ਅੰਦੋਲਨ ਸਮੇਂ ਇਨਕਲਾਬੀ ਕਵਿਤਾਵਾਂ ਰਾਹੀਂ ਯੋਗਦਾਨ ਪਾਇਆ। ਉਸ ਨੇ ਇਪਟਾ ਤੇ ਅਮਨ ਲਹਿਰ ਦਾ ਇਤਿਹਾਸ, ਅਮਨ ਦੀ ਹੂਕ, ਅੰਗੜਾਈ ਵਰਗੀਆਂ ਕਿਤਾਬਾਂ ਲਿਖੀਆਂ। ਉਹ ਲੋਕ-ਸੰਘਰਸ਼ਾਂ ਦੀ ਬਾਤ ਪਾਉਂਦੀ ਹੈ। ਇਪਟਾ ਲਹਿਰ ਦੇ ਇਸ ਇੱਕੋ ਇੱਕ ਜਿਉਂਦੇ ਜਗਦੇ ਚਿਰਾਗ ਨੂੰ ਸਨਮਾਨਿਤ ਕਰਦੇ ਹਾਂ।



## ਸਾਡੇ ਸਮਾਜ ਦੀਆਂ ਜੋਕਾਂ-

# ਜੋਤਸ਼ੀ, ਤਾਂਤਰਿਕ, ਬਾਬੇ ਅਤੇ ਵਾਸਤੂ ਸ਼ਾਸ਼ਤਰ ਵਾਲੇ



ਰਿਟਾ. ਏ.ਆਈ.ਜੀ. ਬਲਰਾਜ ਸਿੰਘ ਸਿੱਧੂ
ਮੋ. 9501100062

ਕੁੱਝ ਦਿਨ ਪਹਿਲਾਂ ਇਹ ਖਬਰ ਆਈ ਹੈ ਕਿ ਮਹਾਰਾਸ਼ਟਰ ਦੇ ਇੱਕ ਠੱਗ ਜੋਤਸ਼ੀ ਨੇ ਸੈਂਕੜੇ ਔਰਤਾਂ ਨਾਲ ਸਰੀਰਕ ਸਬੰਧ ਬਣਾਏ ਹਨ। ਸਬੰਧ ਤਾਂ ਬਣਾਏ ਹੀ ਨਾਲ ਉਨ੍ਹਾਂ ਦੀਆਂ ਵੀਡੀਉ ਵੀ ਬਣਾ ਲਈਆਂ। ਮਹਾਰਾਸ਼ਟਰ ਦੀ ਮਹਿਲਾ ਕਮਿਸ਼ਨ ਦੀ ਚੇਅਰਮੈਨ ਵੀ ਉਸ ਦੇ ਪੰਜਿਆਂ ਤੋਂ ਨਹੀਂ ਬਚ ਸਕੀ। ਲੋਕ ਰੋਜ਼ਾਨਾ ਜੋਤਸ਼ੀਆਂ-ਤਾਂਤਰਿਕਾਂ ਦੇ ਕਹਿਣ 'ਤੇ ਹਜ਼ਾਰਾਂ ਮਣ ਨਾਰੀਅਲ, ਹਵਨ ਦੀ ਸਵਾਹ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ, ਮਰਨ ਵਾਲਿਆਂ ਦੀਆਂ ਅਸਥੀਆਂ, ਧਾਰਮਿਕ ਸਮਾਗਮਾਂ ਦਾ ਰਹਿੰਦ ਖੂੰਹਦ, ਕੋਲੇ, ਸਿੱਕਾ ਅਤੇ ਪੈਸੇ ਨਦੀਆਂ ਨਾਲਿਆਂ ਵਿੱਚ ਸੁੱਟਦੇ ਰਹਿੰਦੇ ਹਨ। ਹਰੇਕ ਧਾਰਮਿਕ ਚੀਜ ਨੂੰ ਜਲ ਪ੍ਰਵਾਹ ਕਰਨ ਦੀ ਘਟੀਆ ਰਵਾਇਤ ਨੇ ਭਾਰਤ ਦੇ ਪਾਣੀਆਂ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ। ਇਨ੍ਹਾਂ ਜੋਤਸ਼ੀਆਂ ਨੇ ਕਿਸਾਨਾਂ ਨੂੰ ਵੀ ਬਹੁਤ ਦੁਖੀ ਕੀਤਾ ਹੋਇਆ ਹੈ। ਰੋਜ ਨਹਿਰਾਂ, ਕੱਸੀਆਂ ਅਤੇ ਮੋਘਿਆਂ ਦਾ ਪਾਣੀ ਨਾਰੀਅਲ ਤੇ ਹੋਰ ਧਾਰਮਿਕ ਗੰਦ ਮੰਦ ਫਸਣ ਕਾਰਨ ਜਾਮ ਹੋ ਜਾਂਦਾ ਹੈ। ਸਾਡੇ ਜੰਮਣ ਤੋਂ ਲੈ ਕੇ ਮਰਨ ਤੱਕ ਦੇ ਬਹੁਤੇ ਕ੍ਰਿਆ ਕਰਮ ਹਵਾ ਅਤੇ ਪਾਣੀ ਨੂੰ ਬੁਰੀ ਤਰਾਂ ਪ੍ਰਦੂਸ਼ਿਤ ਕਰਨ ਵਾਲੇ ਹਨ। ਇੱਕ ਆਮ ਭਾਰਤੀ ਦੇ ਜੀਵਨ ਕਾਲ ਵਿੱਚ ਅਨੇਕਾਂ ਹਵਨ, ਯੱਗ, ਪਾਠ ਆਦਿ ਕੀਤੇ ਜਾਂਦੇ ਹਨ ਜਿਨ੍ਹਾਂ ਦੌਰਾਨ ਕਰੋੜਾਂ ਟਨ ਲੱਕੜਾਂ, ਘਿਉ ਅਤੇ ਹੋਰ ਖਾਣ ਯੋਗ ਸਮੱਗਰੀ ਫੂਕ ਦਿੱਤੀ ਜਾਂਦੀ ਹੈ। ਹੁਣ ਅੱਗ ਵਿੱਚ ਘਿਉ ਸਾੜਨ ਜਾਂ ਪਾਣੀ ਵਿੱਚ ਨਾਰੀਅਲ ਰੋੜ੍ਹਨ ਨਾਲ ਰੱਬ ਕਿਵੇਂ ਖ਼ੁਸ਼ ਹੋ ਸਕਦਾ ਹੈ? 2024 ਦੀਆਂ ਪਾਰਲੀਮੈਂਟ ਚੋਣਾਂ ਸਮੇਂ ਮੱਧ ਪ੍ਰਦੇਸ਼ ਦੇ ਇੱਕ ਪਖੰਡੀ ਬਾਬੇ ਨੇ ਇੱਕ ਨੇਤਾ ਨੂੰ ਜਿਤਾਉਣ ਲਈ ਭੁਪਾਲ ਵਿਖੇ ਹਵਨ ਕਰ ਕੇ ਕਈ ਮਣ ਲਾਲ ਮਿਰਚਾਂ ਸਾੜ ਸੁੱਟੀਆਂ ਸਨ। ਨਾਲ ਹੀ ਐਲਾਨ ਕੀਤਾ ਕਿ ਜੇ ਇਹ ਨੇਤਾ ਨਾ ਜਿੱਤਿਆ ਤਾਂ ਮੈਂ ਆਤਮ ਦਾਹ ਕਰ ਲਵਾਂਗਾ। ਪਰ ਜਦੋਂ ਉਹ ਨੇਤਾ ਹਾਰ ਗਿਆ ਤਾਂ ਬਾਬਾ ਪੂਰੀ ਬੇਸ਼ਰਮੀ ਨਾਲ ਮਰਨ ਤੋਂ ਮੁੱਕਰ ਗਿਆ। ਜਦੋਂ ਵੀ ਕੋਈ ਭਾਰਤੀ ਮਰਦਾ ਹੈ ਤਾਂ ਚਿਤਾ ਦੇ ਰੂਪ ਵਿੱਚ 4-5 ਕਵਿੰਟਲ ਲੱਕੜਾਂ ਨਾਲ ਲੈ ਹੀ ਜਾਂਦਾ ਹੈ, ਦਰਖਤ ਭਾਵੇਂ ਉਸ ਨੇ ਸਾਰੀ ਉਮਰ ਕੋਈ ਨਾ ਲਗਾਇਆ ਹੋਵੇ।

ਭਾਰਤ ਵਿੱਚ ਜੋਤਸ਼ੀਆਂ-ਤਾਂਤਰਿਕਾਂ ਨੇ ਲੋਕਾਂ ਨੂੰ ਬੁਰੀ ਤਰਾਂ ਵਹਿਮਾਂ ਭਰਮਾਂ ਵਿੱਚ ਜਕੜਿਆ ਹੋਇਆ ਹੈ। ਕਈ ਲੋਕ ਐਨੇ ਵਹਿਮੀ ਹਨ ਕਿ ਜੋਤਸ਼ੀ ਨੂੰ ਪੁੱਛੇ ਬਗੈਰ ਬਾਥਰੂਮ ਤੱਕ ਨਹੀਂ ਜਾਂਦੇ। ਭਾਰਤ ਵਿੱਚ ਜੋਤਿਸ਼, ਤਾਂਤਰਿਕ, ਵਾਸਤੂ ਕਲਾ, ਪੁੱਛਾਂ ਦੇਣੀਆਂ ਅਤੇ ਭੂਤ ਕੱਢਣੇ ਕਰੋੜਾਂ ਦਾ ਕਾਰੋਬਾਰ ਬਣ ਚੁੱਕਾ ਹੈ। ਅਸੀਂ ਸਦੀਆਂ ਤੋਂ ਪਖੰਡਵਾਦ ਵਿੱਚ ਵਰਲਡ ਚੈਂਪੀਅਨ ਹਾਂ। ਜੇ ਅੰਗਰੇਜ਼ਾਂ ਨੇ ਕੰਪਿਊਟਰ ਬਣਾਇਆ ਤਾਂ ਅਸੀਂ ਵੱਖ ਵੱਖ ਧਰਮ ਅਤੇ ਦੇਵੀ ਦੇਵਤੇ ਬਣਾਏ। ਉਨ੍ਹਾਂ ਨੇ ਧਰਤੀ ਵਿੱਚੋਂ ਡੀਜ਼ਲ ਪੈਟਰੌਲ ਲੱਭਿਆ ਤਾਂ ਅਸੀਂ ਪੀਰਾਂ ਬਾਬਿਆਂ ਦੀਆਂ ਕਬਰਾਂ ਲੱਭੀਆਂ। ਉਹਨਾਂ ਨੇ ਹਵਾਈ ਜਹਾਜ਼ ਉਡਾਏ ਤਾਂ ਅਸੀਂ ਪੂਛੋਂ ਪਕੜ ਕੇ ਹਾਥੀ ਅਸਮਾਨ ਵਿੱਚ ਉਡਾ ਦਿੱਤੇ ਜੋ ਅੱਜ ਤੱਕ ਵਾਪਸ ਨਹੀਂ ਆਏ, ਹੋ ਸਕਦਾ ਸ਼ੁੱਕਰ ਗ੍ਰਹਿ 'ਤੇ ਘਾਹ ਚਰਦੇ ਹੋਣ। ਉਹਨਾਂ ਦੀਆਂ ਔਰਤਾਂ ਉਲੰਪਿਕ ਵਿੱਚ ਖੇਡਦੀਆਂ ਹਨ ਤਾਂ ਭਾਰਤੀ ਔਰਤਾਂ ਬਾਬਿਆਂ, ਸਾਧਾਂ ਤੇ ਤਾਂਤਰਿਕਾਂ ਕੋਲ ਖੇਡਦੀਆਂ ਹਨ। ਜੇ ਅੰਗਰੇਜ਼ਾਂ ਨੇ ਸਰਚ ਕਰਨ ਲਈ ਗੂਗਲ ਬਣਾਇਆ ਤਾਂ ਸਾਡੇ ਕੋਲ ਨਿਰਮਲ ਤੇ ਬਗੇਸ਼ਵਰ ਬਾਬਾ ਹੈ ਜੋ ਸਭ ਕੁੱਝ ਪਹਿਲਾਂ ਹੀ ਦੱਸ ਦਿੰਦਾ ਹੈ।

ਵਾਸਤੂ ਸ਼ਾਸ਼ਤਰ ਵੀ ਬਹੁਤ ਵੱਡਾ ਪਾਖੰਡ ਹੈ। ਮੂਰਖ ਲੋਕ ਇਹਨਾਂ ਦੇ ਕਹਿਣ 'ਤੇ ਚੰਗੀਆਂ ਭਲੀਆਂ ਕੋਠੀਆਂ ਤੇ ਦਫਤਰ ਤੋੜ ਦਿੰਦੇ ਹਨ। ਖਾਸ ਤੌਰ 'ਤੇ ਸਿਆਸੀ ਲੋਕ ਮੰਤਰੀ ਬਣਦੇ ਸਾਰ ਪਹਿਲਾਂ ਸਰਕਾਰੀ ਕੋਠੀ ਅਤੇ ਦਫਤਰ ਦੀ ਤੋੜ ਭੰਨ ਹੀ ਕਰਵਾਉਂਦੇ ਹਨ, ਸਰਕਾਰੀ ਪੈਸਾ ਜੋ ਲੱਗਣਾ ਹੋਇਆ। ਵੈਸੇ ਸ਼ਰਾਬ ਦਾ ਠੇਕਾ ਭਾਵੇਂ ਮੜ੍ਹੀਆਂ ਵਿੱਚ ਰੱਖ ਲਉ, ਉਸ ਦਾ ਮੂੰਹ ਚੜ੍ਹਦੇ, ਲਹਿੰਦੇ, ਉੱਤਰ ਜਾਂ ਦੱਖਣ ਵੱਲ ਰੱਖ ਲਉ, ਉਸ ਨੇ ਕਾਮਯਾਬ ਹੋਣਾ ਹੀ ਹੈ। ਉਸ 'ਤੇ ਕੋਈ ਵਾਸਤੂ ਸ਼ਾਸ਼ਤਰ ਨਿਯਮ ਲਾਗੂ ਨਹੀਂ ਹੁੰਦਾ। ਕੀ ਵਾਸਤੂ ਸ਼ਾਸ਼ਤਰ ਮੁਤਾਬਕ ਬਣੇ ਘਰਾਂ ਵਿੱਚ ਮੌਤ ਜਾਂ ਬਿਮਾਰੀ ਨਹੀਂ ਆਉਂਦੀ? ਚੰਡੀਗੜ੍ਹ ਦੇ ਵਹਿਮੀ ਆਰਕੀਟੈਕਟ ਲੀ ਕਰਬੂਜ਼ੀਏ ਨੇ 13 ਨੰਬਰ ਸੈਕਟਰ ਨਹੀਂ ਬਣਾਇਆ ਕਿਉਂਕਿ ਪੱਛਮੀ ਦੇਸ਼ਾਂ ਵਿੱਚ 13 ਨੰਬਰ ਨੂੰ ਮਨਹੂਸ ਸਮਝਿਆ ਜਾਂਦਾ ਹੈ। ਤਾਂ ਕੀ ਚੰਡੀਗੜ੍ਹ ਵਿੱਚ ਕੋਈ ਜ਼ੁਰਮ ਨਹੀਂ ਹੁੰਦੇ ਜਾਂ ਹਮੇਸ਼ਾਂ ਸ਼ਾਂਤੀ ਬਣੀ ਰਹਿੰਦੀ ਹੈ? ਇੱਥੇ ਤਾਂ ਸਗੋਂ ਰੋਜ ਬੇਰੋਜ਼ਗਾਰਾਂ 'ਤੇ ਡਾਂਗ ਖੜਕਦੀ ਹੈ। ਕੁਦਰਤੀ ਆਫਤਾਂ ਆਉਣ 'ਤੇ ਵਾਸਤੂ ਸ਼ਾਸ਼ਤਰ ਵਾਲਾ ਮਕਾਨ ਵੀ ਬਾਕੀ ਮਕਾਨਾਂ ਵਾਂਗ ਹੀ ਤਬਾਹ ਹੋ ਜਾਂਦਾ ਹੈ।

ਅੱਜ ਤੱਕ ਕਦੀ ਕਿਸੇ ਜੋਤਸ਼ੀ ਨੇ ਸੁਨਾਮੀ, ਭੁਚਾਲ, ਹੜ੍ਹ ਅਤੇ ਜੰਗ ਆਦਿ ਦੀ ਭਵਿੱਖਬਾਣੀ ਨਹੀਂ ਕੀਤੀ। ਕੁਦਰਤੀ ਆਫਤਾਂ ਆਉਣ 'ਤੇ ਸੈਂਕੜੇ ਜੋਤਸ਼ੀ ਤੇ ਤਾਂਤਰਿਕ ਵੀ ਆਮ ਲੋਕਾਂ ਦੇ ਨਾਲ ਹੀ ਮਾਰੇ ਜਾਂਦੇ ਹਨ। ਜੇ ਜੋਤਿਸ਼ ਸੱਚ ਹੁੰਦਾ ਤਾਂ ਟੇਵੇ, ਲਗਨ ਅਤੇ ਕੁੰਡਲੀਆਂ ਮਿਲਾ ਕੇ ਕਰਵਾਏ ਗਏ ਸਾਰੇ ਵਿਆਹ ਸਫਲ ਹੁੰਦੇ, ਕਦੇ ਵੀ ਤਲਾਕ ਨਾ ਹੁੰਦਾ। ਅੱਜ ਤੱਕ ਕੋਈ ਜੋਤਸ਼ੀ, ਤਾਂਤਰਿਕ ਜਾ ਬਾਬਾ ਤਰਕਸ਼ੀਲਾਂ ਵੱਲੋਂ ਰੱਖਿਆ ਲੱਖਾਂ ਦਾ ਇਨਾਮ ਕਿਉਂ ਨਹੀਂ ਜਿੱਤ ਸਕਿਆ? ਕਈ ਥਾਵਾਂ 'ਤੇ ਜੋਤਸ਼ੀਆਂ ਨੇ ਇਹ ਕਹਿ ਕੇ ਕਿ ਤੇਰੇ ਘਰ ਫਲਾਣੇ ਨੇ ਟੂਣਾ ਕੀਤਾ ਹੈ, ਕਤਲ ਤੱਕ ਕਰਵਾ ਦਿੱਤੇ ਹਨ। ਕਿਸੇ ਨੂੰ ਵੱਸ ਕਰਨ ਵਾਲਾ ਕੋਈ ਤਵੀਤ ਨਹੀਂ ਹੁੰਦਾ, ਨਹੀਂ ਲੋਕ ਪ੍ਰਧਾਨ ਮੰਤਰੀ ਨੂੰ ਵੱਸ ਵਿੱਚ ਕਰ ਕੇ ਕਿਸੇ ਸਟੇਟ ਦੇ ਗਵਰਨਰ ਲੱਗ ਜਾਂਦੇ। ਜੇ ਨਜ਼ਰ ਲੱਗਣ ਨਾਲ ਨੁਕਸਾਨ ਹੋ ਸਕਦਾ ਹੁੰਦਾ ਤਾਂ ਟਾਟਾ, ਬਿਰਲਾ ਤੇ ਅੰਬਾਨੀ ਕਦੇ ਦਾ ਸੜਕਾਂ 'ਤੇ ਆ ਜਾਂਦੇ। ਜੇ ਜੋਤਸ਼ੀਆਂ-ਤਾਂਤਰਿਕਾਂ ਦੇ ਉਪਾਵਾਂ ਵਿੱਚ ਸ਼ਕਤੀ ਹੁੰਦੀ ਤਾਂ ਇਨ੍ਹਾਂ ਦੇ ਆਪਣੇ ਬੱਚੇ ਕਰੋੜਪਤੀ ਹੁੰਦੇ। ਜੇ ਧਾਰਮਿਕ ਗ੍ਰੰਥਾਂ ਦਾ ਤੋਤਾ ਰਟੰਤ ਕਰਨ ਨਾਲ ਰੱਬ ਮਿਲਦਾ ਹੁੰਦਾ ਤਾਂ ਸਾਰੇ ਪੰਡਤਾਂ, ਗ੍ਰੰਥੀਆਂ, ਮੌਲਵੀਆਂ ਤੇ ਪਾਦਰੀਆਂ ਦਾ ਰੱਬ ਨਾਲ ਚਾਹ ਪਾਣੀ ਸਾਂਝਾ ਹੋਣਾ ਸੀ। ਸੂਰਜ ਨੂੰ ਚੜ੍ਹਾਇਆ ਪਾਣੀ ਉਥੇ ਪਹੁੰਚ ਜਾਂਦਾ ਤਾਂ ਹੁਣ ਤੱਕ ਸੂਰਜ ਠੰਡਾ ਹੋ ਜਾਣਾ ਸੀ।

ਪਖੰਡੀਆਂ ਵਿੱਚੋਂ ਸਭ ਤੋਂ ਵੱਧ ਬੇਰਹਿਮ ਤਾਂਤਰਿਕ ਹੁੰਦੇ ਹਨ। ਚੰਗੇ ਭਲੇ ਘਰਾਂ ਦੀਆਂ ਔਰਤਾਂ ਇਨ੍ਹਾਂ ਮੁਸ਼ਟੰਡਿਆਂ ਸਾਹਮਣੇ ਸਿਰ ਮਾਰ ਮਾਰ ਕੇ ਖੇਡਦੀਆਂ ਹਨ, ਕਈ ਤਾਂ ਇੱਜ਼ਤ ਤੱਕ ਲੁਟਾ ਬੈਠਦੀਆਂ ਹਨ। ਇਹ ਭੂਤ ਕੱਢਣ ਦੇ ਨਾਮ 'ਤੇ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀਆਂ ਨੂੰ ਬੁਰੀ ਤਰਾਂ ਕੁੱਟਦੇ ਹਨ। ਵਿਚਾਰਾ ਮਰੀਜ਼ ਡਰ ਦਾ ਮਾਰਾ ਹੀ ਕਹਿ ਦਿੰਦਾ ਹੈ ਕਿ ਮੈਂ ਫਲਾਣੇ ਦਾ ਭੂਤ ਹਾਂ ਤੇ ਇਸ ਨੂੰ ਛੱਡ ਕੇ ਜਾ ਰਿਹਾ ਹਾਂ। ਭੂਤ ਨੂੰ ਕਿਸੇ ਦੀ ਅਤ੍ਰਿਪਤ ਆਤਮਾ ਮੰਨਿਆਂ ਜਾਂਦਾ ਹੈ। ਜਦੋਂ ਆਤਮਾ ਮਰ ਹੀ ਨਹੀਂ ਸਕਦੀ ਤਾਂ ਤਾਂਤਰਿਕ ਵੱਲੋਂ ਕੀਤੀ ਕੁਟਾਈ ਦਾ ਭੂਤ 'ਤੇ ਕੀ ਅਸਰ ਹੋਣਾ ਹੈ? ਨਾਲੇ ਭੂਤ ਨੇ ਜੇ ਚੰਬੜਨਾ ਹੀ ਹੈ ਤਾਂ ਅਮਰੀਕਾ ਜਾ ਕੇ ਕਿਸੇ ਗੋਰੇ ਗੋਰੀ ਨੂੰ ਚੰਬੜੇ, ਐਵੇਂ ਗੁਆਂਢ ਦੀ ਝੁੱਗੀ ਵਿੱਚ ਕਿਸੇ ਗਰੀਬ ਔਰਤ ਨੂੰ ਚੰਬੜ ਕੇ ਗਰਮੀ ਨਾਲ ਮਰਨ ਦਾ ਕੀ ਫਾਇਦਾ? ਤਾਂਤਰਿਕ ਲੋਕਾਂ ਨੂੰ ਕੰਮ ਸਿੱਧ ਕਰਨ, ਇਸ਼ਕ ਸਫਲ ਕਰਨ, ਦੁਸ਼ਮਣ-ਸੌਂਕਣ ਖਤਮ ਕਰਨ ਅਤੇ ਦੱਬੇ ਖਜ਼ਾਨੇ ਪੁਟਾਉਣ ਦੇ ਨਾਮ 'ਤੇ ਰੱਜ ਕੇ ਲੁੱਟਦੇ ਹਨ। ਕਈ ਅਖਬਾਰਾਂ ਵਿੱਚ ਲੁਧਿਆਣੇ ਦੇ ਤਾਂਤਰਿਕਾਂ ਦੇ ਇਸ਼ਤਿਹਾਰ ਆਉਂਦੇ ਹਨ ਜੋ ਸ਼ਰੇਆਮ ਦੁਸ਼ਮਣ ਨੂੰ ਖਤਮ ਕਰਨ ਦੀ ਗਰੰਟੀ ਦਿੰਦੇ ਹਨ। ਇਹਨਾਂ ਦੇ ਕਹਿਣ 'ਤੇ ਵਹਿਮੀ ਔਰਤਾਂ ਔਲਾਦ ਪ੍ਰਾਪਤ ਕਰਨ ਲਈ ਦੂਸਰਿਆਂ ਦੇ ਬੱਚਿਆਂ ਦੀ ਬਲੀ ਤੱਕ ਦੇ ਦਿੰਦੀਆਂ ਹਨ।

ਕਈ ਸਾਲ ਪਹਿਲਾਂ ਮੈਂ ਕਿਸੇ ਥਾਣੇ ਦਾ ਐਸ.ਐਚ.ਉ. ਲੱਗਾ ਹੋਇਆ ਸੀ। ਉਥੇ ਕੋਈ ਵਹਿਮੀ ਵਿਅਕਤੀ ਥਾਣੇ ਦੇ ਮੁਨਸ਼ੀ ਦਾ ਦੋਸਤ ਸੀ। ਉਸ ਨੂੰ ਕਿਸੇ ਜੋਤਸ਼ੀ ਨੇ ਭਰਮ ਪਾ ਦਿੱਤਾ ਕਿ ਤੇਰੀ ਕੁੰਡਲੀ ਵਿੱਚ ਜੇਲ੍ਹ ਯਾਤਰਾ ਲਿਖੀ ਹੈ, ਇਸ ਲਈ ਜਲਦੀ ਕਿਸੇ ਹਵਾਲਾਤ ਵਿੱਚ ਦੋ ਚਾਰ ਘੰਟੇ ਕੱਟ ਲੈ, ਤੇਰਾ ਕਸ਼ਟ ਟਲ ਜਾਵੇਗਾ। ਉਹ ਆਪਣੇ ਦੋਸਤ ਮੁਨਸ਼ੀ ਦੇ ਤਰਲੇ ਵਾਸਤੇ ਪਾ ਕੇ ਕੁੱਝ ਸਮੇਂ ਲਈ ਥਾਣੇ ਦੀ ਹਵਾਲਾਤ ਵਿੱਚ ਵੜ ਗਿਆ। ਥੋੜ੍ਹੀ ਦੇਰ ਬਾਅਦ ਹੀ ਉਸ ਮੁਨਸ਼ੀ ਦੀ ਡਿਊਟੀ ਬਦਲ ਗਈ ਤੇ ਰਾਤ ਵਾਲਾ ਨਵਾਂ ਮੁਨਸ਼ੀ ਆ ਗਿਆ। ਦਿਨ ਵਾਲਾ ਮੁਨਸ਼ੀ ਵਹਿਮੀ ਨੂੰ ਬਾਹਰ ਕੱਢਣਾ ਭੁੱਲ ਗਿਆ ਤੇ ਆਪਣੇ ਪਿੰਡ ਜਾ ਕੇ ਆਰਾਮ ਨਾਲ ਸੌਂ ਗਿਆ। ਵਹਿਮੀ ਰਾਤ ਨੂੰ ਚੀਕਾਂ ਮਾਰੇ ਕਿ ਮੈਨੂੰ ਬਾਹਰ ਕੱਢੋ। ਰਾਤ ਵਾਲਾ ਮੁਨਸ਼ੀ ਡਰਦਾ ਮਾਰਾ ਕੱਢੇ ਨਾ ਕਿ ਖੌਰੇ ਇਹ ਮੁਲਜ਼ਮ ਕਿਹੜੇ ਕੇਸ ਵਿੱਚ ਆਇਆ ਹੈ? ਵਿਚਾਰੇ ਨੂੰ ਸਾਰੀ ਰਾਤ ਹਵਾਲਾਤ ਵਿੱਚ ਮੱਛਰਾਂ-ਖਟਮਲਾਂ ਨਾਲ ਯੁੱਧ ਕਰਦੇ ਹੋਏ ਗੁਜ਼ਾਰਨੀ ਪਈ। ਵਹਿਮ ਜਿੰਨੇ ਵਧਾਈ ਜਾਉਗੇ, ਉਨੇ ਵਧੀ ਜਾਣਗੇ। ਇਸ ਲਈ ਆਪਣੀ ਮਿਹਨਤ ਅਤੇ ਲਗਨ ਨਾਲ ਕੰਮ ਕਰਦੇ ਜਾਉ, ਸਫਲਤਾ ਜਰੂਰ ਕਦਮ ਚੁੰਮੇਗੀ।



# ਅਸਲੀ ਸੰਕਟ ਤੇਲ ਨਹੀਂ, ਕੁੱਝ ਹੋਰ ਹੋ ਸਕਦਾ ਹੈ



ਜੀ ਐਸ ਗੁਰਦਿੱਤ

**ਖੇਤਾਂ ਨੂੰ ਯੂਰੀਆ ਅਤੇ ਡੀਏਪੀ ਖਾਦਾਂ ਦਾ ਨਸ਼ਾ ਲੱਗ ਚੁੱਕਾ ਹੈ। ਕਿਉਂਕਿ ਹੁਣ ਅਸੀਂ ਬਹੁਤ ਵੱਧ ਝਾੜ ਚੁੱਕਣ ਦੇ ਆਦੀ ਹੋ ਚੁੱਕੇ ਹਾਂ ਕਿਉਂਕਿ ਸਾਡੇ ਲਾਗਤ ਖ਼ਰਚੇ ਹੀ ਬਹੁਤ ਵਧ ਚੁੱਕੇ ਹਨ। ਸਾਡੇ ਘਰਾਂ ਵਿੱਚੋਂ ਪਸ਼ੂ ਜਾਂ ਤਾਂ ਅਸੀਂ ਕੱਢ ਚੁੱਕੇ ਹਾਂ ਅਤੇ ਜਾਂ ਫਿਰ ਬਹੁਤ ਘਟਾ ਚੁੱਕੇ ਹਾਂ। ਇਸ ਕਰਕੇ ਸਾਡੇ ਕੋਲ ਦੇਸੀ ਖਾਦ ਦੀ ਮਾਤਰਾ ਬਹੁਤ ਹੀ ਨਿਗੂਣੀ ਹੈ ਜਿਸ ਨਾਲ ਸਾਡੇ ਖੇਤਾਂ ਦੀ ਖ਼ੁਰਾਕ ਦੀ ਭੁੱਖ ਪੂਰੀ ਨਹੀਂ ਹੋ ਸਕਦੀ।**

ਖਾੜੀ ਮੁਲਕਾਂ ਨੂੰ ਅਸੀਂ ਆਮ ਕਰਕੇ ਤੇਲ ਦੇ ਖੂਹਾਂ ਵਾਲੇ ਮੁਲਕਾਂ ਵੱਜੋਂ ਹੀ ਜਾਣਦੇ ਹਾਂ। ਇਸ ਲਈ ਅਸੀਂ ਇਰਾਨ ਵਾਲੀ ਜੰਗ ਨੂੰ ਇੱਕ ਵੱਡੇ ਤੇਲ ਅਤੇ ਗੈਸ ਦੇ ਸੰਕਟ ਵੱਜੋਂ ਹੀ ਸੋਚਦੇ ਹਾਂ। ਬੇਸ਼ਕ ਇਹ ਬਹੁਤ ਹੱਦ ਤੱਕ ਸਹੀ ਵੀ ਹੈ। ਪਰ ਫਿਰ ਵੀ ਸਾਨੂੰ ਇਹ ਧਿਆਨ ਦੇਣ ਦੀ ਲੋੜ ਹੈ ਕਿ ਤੇਲ ਅਤੇ ਗੈਸ ਦਾ ਸੰਕਟ ਹਰ ਕਿਸੇ ਨੂੰ ਅੱਜ ਹੀ ਨਜ਼ਰ ਆ ਰਿਹਾ ਹੋਣ ਕਰਕੇ ਹੀ ਇੱਕੋ-ਇੱਕ ਸੰਕਟ ਲੱਗਦਾ ਹੈ। ਪਰ ਅਸਲੀ ਸੰਕਟ ਇੱਕ ਹੋਰ ਹੈ ਜਿਹੜਾ ਅਜੇ ਤੱਕ ਸਾਨੂੰ ਨਜ਼ਰ ਨਹੀਂ ਆ ਰਿਹਾ ਪਰ ਬੜੀ ਜਲਦੀ ਹੀ ਸਾਡਾ ਉਸ ਨਾਲ ਸਾਹਮਣਾ ਹੋਣ ਵਾਲਾ ਹੈ। ਬੰਗਲਾਦੇਸ਼ ਵਿੱਚ ਉਹ ਸੰਕਟ ਅੱਜ ਹੀ ਬਹੁਤ ਵੱਡੀ ਸਮੱਸਿਆ ਬਣ ਚੁੱਕਾ ਹੈ। ਉੱਤੋਂ ਰੱਬ ਦੀ ਮਾਰ ਹੀ ਸਮਝੋ ਕਿ ਕਿਸੇ ਵੀ ਮੁਲਕ ਨੇ ਉਸ ਸੰਕਟ ਦਾ ਕੋਈ ਐਮਰਜੈਂਸੀ ਸਟਾਕ ਵੀ ਨਹੀਂ ਰੱਖਿਆ ਹੋਇਆ ਹੁੰਦਾ। ਉਹ ਇੱਕ ਅਜਿਹੀ ਚੀਜ਼ ਹੈ ਕਿ ਜਿਸਦੇ ਕੱਚੇ ਮਾਲ ਦੀ ਸਭ ਤੋਂ ਵੱਧ ਪੈਦਾਵਾਰ ਹੀ ਖਾੜੀ ਮੁਲਕਾਂ ਵਿੱਚ ਹੁੰਦੀ ਹੈ। ਕਤਰ, ਓਮਾਨ, ਯੂਏਈ ਅਤੇ ਸਾਊਦੀ ਅਰਬ ਉਸ ਦੇ ਵੱਡੇ ਨਿਰਯਾਤਕ (Exporters) ਹਨ । ਇਸ ਤੋਂ ਇਲਾਵਾ ਰੂਸ ਅਤੇ ਚੀਨ ਵੀ ਸਾਨੂੰ ਉਹ ਚੀਜ਼ ਭੇਜਦੇ ਹਨ ਪਰ ਉਸਦੀ ਸਾਨੂੰ ਬਹੁਤ ਵੱਧ ਮਾਤਰਾ ਲੋੜੀਂਦੀ ਹੈ ਜਿਸ ਕਰਕੇ ਖਾੜੀ ਵਾਲੇ ਮੁਲਕਾਂ ਤੋਂ ਉਸਦਾ ਇੱਕ ਵੱਡਾ ਹਿੱਸਾ ਸਾਡੇ ਮੁਲਕ ਵਿੱਚ ਆਉਂਦਾ ਹੈ। ਉਸ ਚੀਜ਼ ਦਾ ਨਾਮ ਹੈ ਰਸਾਇਣਕ ਖਾਦਾਂ। ਭਾਰਤ ਆਪਣੀ ਰਸਾਇਣਕ ਖਾਦਾਂ ਦੀ 40 ਫ਼ੀਸਦੀ ਪੂਰਤੀ ਖਾੜੀ ਦੇ ਮੁਲਕਾਂ ਤੋਂ ਹੀ ਕਰਦਾ ਹੈ। ਹੁਣ, ਜੇਕਰ ਪੰਜਾਬ, ਹਰਿਆਣਾ ਅਤੇ ਬਾਕੀ ਮੁੱਖ ਸੂਬਿਆਂ ਦੇ ਖੇਤਾਂ ਨੂੰ ਖੁਰਾਕ ਨਾ ਮਿਲੀ ਤਾਂ ਮੁਲਕ ਦੀ 145 ਕਰੋੜ ਆਬਾਦੀ ਲਈ ਖੁਰਾਕ ਸੰਕਟ ਵੀ ਖੜ੍ਹਾ ਹੋ ਸਕਦਾ ਹੈ।

ਸਾਡੇ ਖੇਤਾਂ ਨੂੰ ਯੂਰੀਆ ਅਤੇ ਡੀਏਪੀ ਖਾਦਾਂ ਦਾ ਨਸ਼ਾ ਲੱਗ ਚੁੱਕਾ ਹੈ। ਕਿਉਂਕਿ ਹੁਣ ਅਸੀਂ ਬਹੁਤ ਵੱਧ ਝਾੜ ਚੁੱਕਣ ਦੇ ਆਦੀ ਹੋ ਚੁੱਕੇ ਹਾਂ ਕਿਉਂਕਿ ਸਾਡੇ ਲਾਗਤ ਖ਼ਰਚੇ ਹੀ ਬਹੁਤ ਵਧ ਚੁੱਕੇ ਹਨ। ਸਾਡੇ ਘਰਾਂ ਵਿੱਚੋਂ ਪਸ਼ੂ ਜਾਂ ਤਾਂ ਅਸੀਂ ਕੱਢ ਚੁੱਕੇ ਹਾਂ ਅਤੇ ਜਾਂ ਫਿਰ ਬਹੁਤ ਘਟਾ ਚੁੱਕੇ ਹਾਂ। ਇਸ ਕਰਕੇ ਸਾਡੇ ਕੋਲ ਦੇਸੀ ਖਾਦ ਦੀ ਮਾਤਰਾ ਬਹੁਤ ਹੀ ਨਿਗੂਣੀ ਹੈ ਜਿਸ ਨਾਲ ਸਾਡੇ ਖੇਤਾਂ ਦੀ ਖ਼ੁਰਾਕ ਦੀ ਭੁੱਖ ਪੂਰੀ ਨਹੀਂ ਹੋ ਸਕਦੀ। ਇਸ ਲਈ ਅੱਜ ਦੇ ਸਮੇਂ ਰਸਾਇਣਕ ਖਾਦ ਇੱਕ ਅਜਿਹੀ ਦੁਰਲਭ ਚੀਜ਼ ਬਣ ਸਕਦੀ ਹੈ ਕਿ ਸਾਡੀਆਂ ਸਰਕਾਰਾਂ ਲਈ ਵੀ ਇਹ ਇੱਕ ਵੱਡੀ ਸਿਰਦਰਦੀ ਬਣਨ ਵਾਲੀ ਹੈ। ਵਿਸ਼ਵ ਮੰਡੀ ਵਿੱਚ ਯੂਰੀਆ ਦੀ ਕੀਮਤ ਪਿਛਲੇ ਇੱਕ ਮਹੀਨੇ ਵਿੱਚ ਹੀ 20% ਤੋਂ 50% ਤੱਕ ਵਧ ਚੁੱਕੀ ਹੈ।

ਖਾੜੀ ਦੇ ਮੁਲਕ ਸਾਨੂੰ ਰਸਾਇਣਕ ਖਾਦਾਂ ਬਣਾਉਣ ਵਾਸਤੇ ਕੇਵਲ ਕੱਚਾ ਮਾਲ ਹੀ ਨਹੀਂ ਭੇਜਦੇ ਬਲਕਿ ਸਾਡੇ ਆਪਣੇ ਖਾਦ ਕਾਰਖਾਨਿਆਂ ਵਿੱਚ ਜਿਹੜੀ LNG ਗੈਸ (liquidized Natural Gas) ਲੋੜੀਂਦੀ ਹੈ ਉਹ ਵੀ ਇਹਨਾਂ ਹੀ ਮੁਲਕਾਂ ਤੋਂ ਉਸੇ ਹੀ ਹਾਰਮੁਜ਼ ਸਟਰੇਟ ਵਾਲੇ ਰਸਤੇ ਤੋਂ ਆਉਂਦੀ ਹੈ ਜਿਹੜਾ ਰਸਤਾ ਇਸ ਜੰਗ ਨੇ ਬੰਦ ਕਰ ਰੱਖਿਆ ਹੈ। ਉਂਜ ਵੀ ਜੰਗ ਕਾਰਨ ਖਾੜੀ ਮੁਲਕਾਂ ਦੇ ਕੁੱਝ ਗੈਸ ਫੀਲਡ ਤਾਂ ਮਿਜ਼ਾਈਲਾਂ ਨਾਲ ਨੁਕਸਾਨੇ ਗਏ ਹਨ ਅਤੇ ਕੁੱਝ ਬੰਦ ਹੋਣ ਕਿਨਾਰੇ ਹਨ। ਜੇਕਰ ਇਹ ਜੰਗ ਅੱਜ ਵੀ ਖ਼ਤਮ ਹੋ ਜਾਵੇ ਤਾਂ ਵੀ ਅਗਲੇ 6 ਮਹੀਨੇ ਤਾਂ ਖਾਦ ਦਾ ਸੰਕਟ ਰਹੇਗਾ ਹੀ ਰਹੇਗਾ। ਹੁਣ ਜੇਕਰ ਉਹ ਗੈਸ ਹੀ ਸਾਡੇ ਤੱਕ ਨਾ ਪਹੁੰਚ ਸਕੀ ਤਾਂ ਸਾਡੇ ਪੰਜਾਬ ਦੇ ਬਠਿੰਡਾ ਅਤੇ ਨੰਗਲ ਵਾਲੇ ਖਾਦ ਕਾਰਖਾਨੇ ਵੀ ਕਿੰਨੀ ਕੁ ਸਪਲਾਈ ਦੇ ਸਕਣਗੇ? ਝੋਨੇ ਦੇ ਸੀਜ਼ਨ ਵਿੱਚ ਡੀਏਪੀ ਜਾਂ ਪੋਟਾਸ਼ ਦੀ ਭਾਵੇਂ ਬਹੁਤੀ ਜ਼ਰੂਰਤ ਨਹੀਂ ਪੈਂਦੀ ਪ੍ਰੰਤੂ ਯੂਰੀਆ ਬਿਨਾ ਤਾਂ ਝੋਨੇ ਨੂੰ ਬੁਰੀ ਤਰ੍ਹਾਂ ਖੜੋਤ ਆ ਜਾਂਦੀ ਹੈ ਅਤੇ ਸਭ ਤੋਂ ਵੱਡਾ ਸੰਕਟ ਵੀ ਯੂਰੀਆ ਦਾ ਹੀ ਆਉਣ ਦਾ ਡਰ ਲੱਗ ਰਿਹਾ ਹੈ।

ਮੁੱਖ ਸਮੱਸਿਆ ਇਹ ਹੈ ਕਿ ਭਾਰਤ ਸਰਕਾਰ ਪੈਟਰੋਲੀਅਮ ਦਾ ਰਿਜ਼ਰਵ ਸਟਾਕ ਤਾਂ ਰੱਖਦੀ ਹੈ ਪ੍ਰੰਤੂ ਖਾਦਾਂ ਦਾ ਰਿਜ਼ਰਵ ਸਟਾਕ ਰੱਖਣ ਦਾ ਨਾ ਤਾਂ ਰਿਵਾਜ਼ ਹੈ ਅਤੇ ਨਾ ਹੀ ਇਹ ਰੱਖਣਾ ਬਹੁਤਾ ਸੰਭਵ ਹੈ। ਉੱਪਰੋਂ ਇਹ ਇੱਕ ਅਜਿਹੀ ਚੀਜ਼ ਹੈ ਜਿਸਦੀ ਖੇਤੀ ਸੀਜ਼ਨ ਇੱਕਦਮ ਪਰ ਛੇਤੀ ਜ਼ਰੂਰਤ ਪੈਂਦੀ ਹੈ ਅਤੇ ਇਹ ਫ਼ਸਲ ਨੂੰ ਸਮੇਂ ਸਿਰ ਮੁਹਈਆ ਕਰਵਾਉਣੀ ਵੀ ਬਹੁਤ ਜ਼ਰੂਰੀ ਹੁੰਦੀ ਹੈ। ਇਹ ਤੇਲ ਵਾਂਗੂੰ ਹਰ ਵੇਲੇ ਯਾਦ ਨਹੀਂ ਰਹਿੰਦੀ ਪਰ ਜਦੋਂ ਇਸਦੀ ਲੋੜ ਪੈਂਦੀ ਤਾਂ ਫਿਰ ਹੀ ਇਸਦੀ ਯਾਦ ਆਉਂਦੀ ਹੈ। ਪੂਰੀ ਦੁਨੀਆ ਦੇ ਖੇਤੀ ਆਰਥਿਕ ਮਾਹਰ ਇਹ ਚਿਤਾਵਨੀ ਦੇ ਚੁੱਕੇ ਹਨ ਕਿ ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ ਸ਼੍ਰੀ ਲੰਕਾ ਵਿੱਚ ਰਸਾਇਣਕ ਖਾਦਾਂ ਦਾ ਇੱਕ ਵੱਡਾ ਸੰਕਟ ਮੂੰਹ ਅੱਡੀ ਖੜ੍ਹਾ ਹੈ।



ਨੋਟ: ਇਹ ਲੇਖ ਡਰ ਫੈਲਾਉਣ ਲਈ ਨਹੀਂ ਬਲਕਿ ਜਾਗਰੂਕਤਾ ਫੈਲਾਉਣ ਦੇ ਮਕਸਦ ਨਾਲ ਲਿਖਿਆ ਗਿਆ ਹੈ।



# ਪੀੜ੍ਹਾਂ ਵਿੰਨ੍ਹੀ ਰੂਹ ਵਾਲੀ ਸੰਜੀਦਾ ਸ਼ਾਇਰਾ ਸੀ : ਮੀਨਾ ਕੁਮਾਰੀ

ਇਸ ਵਿਚ ਕੋਈ ਦੋ ਰਾਇ ਨਹੀਂ ਹੈ ਕਿ ਅਧਿਕਤਰ ਸਿਨੇਮਾ-ਪ੍ਰੇਮੀ ਜ਼ਮਾਨੇ ਭਰ ਵਿੱਚ ਮਸ਼ਹੂਰ ਫ਼ਨਕਾਰਾ ਮੀਨਾ ਕੁਮਾਰੀ ਨੂੰ ਇੱਕ ਕਾਮਯਾਬ ਅਤੇ ਦਿਲਕਸ਼ ਅਦਾਕਾਰਾ ਵਜੋਂ ਜਾਣਦੇ ਤੇ ਪਛਾਣਦੇ ਹਨ ਅਤੇ ਉਸਦੀ ਦਿਲ ਨੂੰ ਧੂਹ ਪਾਉਣ ਵਾਲੀ ਅਦਾਕਾਰੀ ਦੇ ਮੁਰੀਦ ਹਨ ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਮੀਨਾ ਕੁਮਾਰੀ ਇੱਕ ਬਾਕਮਾਲ ਅਤੇ ਪਾਏਦਾਰ ਸ਼ਾਇਰਾ ਵੀ ਸੀ ਤੇ ਉਸਦੇ ਰਚੇ ਸ਼ੇਅਰ ,ਉਸਦੇ ਦਿਲ ਦੇ ਜ਼ਖ਼ਮਾਂ 'ਚੋਂ ਰਿਸਦੇ ਜਜ਼ਬਾਤਾਂ ਦੇ ਲਹੂ ਅਤੇ ਉਸਦੀ ਪੀੜ੍ਹਾਂ ਵਿੰਨ੍ਹੀ ਰੂਹ ਦੀ ਗਵਾਹੀ ਅੱਜ ਵੀ ਭਰਦੇ ਹਨ। ਸੰਨ 1973 ਦੀ 31 ਮਾਰਚ ਨੂੰ ਇਸ ਫ਼ਾਨੀ ਜਹਾਨ ਨੂੰ ਸਦਾ ਲਈ ਅਲਵਿਦਾ ਆਖ਼ ਕੇ ਟੁਰ ਜਾਣ ਵਾਲੀ ਮਹਿਜ਼ਬੀਂ ਉਰਫ਼ ਮੀਨਾ ਕੁਮਾਰੀ ਨੇ ਆਪਣੀ ਮੌਤ ਤੋਂ ਠੀਕ ਇੱਕ ਸਾਲ ਪਹਿਲਾਂ ਸ਼ਾਇਰ ਗੁਲਜ਼ਾਰ ਦੀ ਮਦਦ ਨਾਲ ਆਪਣੀ ਸ਼ਾਇਰੀ ਦਾ ਇੱਕ ਸੰਗ੍ਰਿਹ 'ਤਨਹਾ ਚਾਂਦ' ਸਿਰਲੇਖ ਹੇਠ ਛਪਵਾਇਆ ਸੀ ਜੋ ਕਿ ਉਸਦੀ ਬਾਲੀਵੁੱਡ ਦੀ ਚਮਕ-ਦਮਕ ਅਤੇ ਸ਼ੁਹਰਤ ਭਰੀ ਜ਼ਿੰਦਗੀ ਦੇ ਪਿੱਛੇ ਲੁੱਕੀ ਉਸਦੀ ਬੇਇੰਤਹਾ ਤਨਹਾਈ ਨੂੰ ਪੂਰੀ ਤਰ੍ਹਾਂ ਬਿਆਨ ਕਰ ਗਿਆ ਸੀ।ਉਸਨੂੰ ਨਾ ਕੇਵਲ ਉਸਦੇ ਸ਼ੌਹਰ ਜਨਾਬ ਕਮਾਲ ਅਮਰੋਹੀ ਨੇ ਹੀ ਤਿਆਗ ਦਿੱਤਾ ਸੀ ਸਗੋਂ ਉਸਦੇ ਬਿਰਹਾ ਦੇ ਦਿਨਾਂ ਵਿਚ ਹਮਦਰਦ ਬਣ ਕੇ ਬਹੁੜੇ ਅਦਾਕਾਰ ਧਰਮਿੰਦਰ, ਨਿਰਦੇਸ਼ਕ ਸਾਵਨ ਕੁਮਾਰ ਅਤੇ ਸ਼ਾਇਰ ਤੇ ਨਿਰਦੇਸ਼ਕ ਗੁਲਜ਼ਾਰ ਨੇ ਵੀ ਉਸਨੂੰ ਚੰਦ ਦਿਨਾਂ ਦੀ ਮੁਹੱਬਤ ਦੇ ਝੂਠੇ ਸੁਫ਼ਨੇ ਵਿਖਾਏ ਸਨ ਅਤੇ ਫਿਰ ਉਸਨੂੰ ਤਨਹਾ ਭਾਵ ਇਕੱਲਿਆਂ ਛੱਡ ਦਿੱਤਾ ਸੀ।ਉਸਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਪਲ ਤਨਹਾਈ ਦੀ ਆਗ਼ੋਸ਼ 'ਚ ਹੀ ਗੁਜ਼ਾਰੇ ਸਨ।ਆਪਣੀ ਤਨਹਾਈ ਬਿਆਨਦਿਆਂ ਮੀਨਾ ਕੁਮਾਰੀ ਨੇ ਲਿਖ਼ਿਆ ਸੀ :-

**ਜ਼ਿੰਦਗੀ ਕਿਆ ਇਸੀ ਕੋ ਕਹਿਤੇ ਹੈ**
**ਜਿਸਮ ਤਨਹਾ ਔਰ ਜਾਨ ਤਨਹਾ।**
**ਹਮਸਫ਼ਰ 'ਗਰ ਮਿਲਾ ਭੀ ਕੋਈ ਕਹੀਂ**
**ਤੋ ਦੋਨੇ ਚਲਤੇ ਰਹੇ ਤਨਹਾ-ਤਨਹਾ।**
**ਰਾਹ ਦੇਖਾ ਕਰੋਗੇ ਸਦੀਉਂ ਤਲਕ**
**ਛੋੜ ਜਾਏਂਗੇ ਯੇ ਜਹਾਂ ਤਨਹਾ।**

ਮੀਨਾ ਕੇਵਲ 36 ਕੁ ਵਰ੍ਹੇ ਹੀ ਜੀਵੀ ਸੀ। ਉਸ ਤੱਤੜੀ ਦਾ ਬਚਪਨ ਗ਼ੁਰਬਤ ਦੀਆਂ ਠੋਕਰਾਂ 'ਚ ਬੀਤਿਆ ਸੀ ਤੇ ਗੁੱਡੀਆਂ-ਪਟੋਲਿਆਂ ਨਾਲ ਖੇਡਣ ਦੀ ਉਮਰੇ ਉਸਨੂੰ ਘਰ ਦਾ ਗ਼ੁਜ਼ਾਰਾ ਤੋਰਨ ਲਈ ਫ਼ਿਲਮਾਂ ਵਿੱਚ ਬਤੌਰ ਬਾਲ ਕਲਾਕਾਰ ਕੰਮ ਕਰਨਾ ਪਿਆ ਸੀ। ਬਤੌਰ ਸਹਿ-ਨਾਇਕਾ- 'ਸਨਮ', 'ਮਗਰੂਰ', 'ਬਿਛੜੇ ਬਲਮ', 'ਪੀਆ ਘਰ ਆ ਜਾ'



ਆਦਿ ਫ਼ਿਲਮਾਂ ਕਰਨ ਪਿੱਛੋ ਮੀਨਾ ਨੇ ਬਤੌਰ ਨਾਇਕਾ ਫ਼ਿਲਮ 'ਬੈਜੂ ਬਾਵਰਾ' ਕੀਤੀ ਤੇ ਆਪਣੀ ਬਿਹਤਰੀਨ ਕਲਾਕਾਰੀ ਸਦਕਾ 'ਸਰਬੋਤਮ ਅਦਾਕਾਰਾ' ਦਾ 'ਫ਼ਿਲਮ ਫੇਅਰ ਐਵਾਰਡ' ਹਾਸਿਲ ਕਰਨ ਵਿਚ ਕਾਮਯਾਬ ਰਹੀ ਸੀ। ਉਸ ਨੇ 'ਬੇਨਜ਼ੀਰ','ਦਾਇਰਾ',' ਪਰਿਣੀਤਾ','ਸ਼ਾਰਦਾ,'ਏਕ ਹੀ ਰਾਸਤਾ','ਸਾਹਿਬ ਬੀਵੀ ਔਰ ਗੁਲਾਮ',' ਦਿਲ ਅਪਨਾ ਔਰ ਪ੍ਰੀਤ ਪਰਾਈ','ਕਾਜਲ','ਆਰਤੀ','ਮੈ ਚੁੱਪ ਰਹੂੰਗੀ','ਪਾਕੀਜ਼ਾ' ਆਦਿ ਜਿਹੀਆਂ ਸ਼ਾਹਕਾਰ ਫ਼ਿਲਮਾਂ ਕਰਕੇ ਕਈ ਐਵਾਰਡ ਵੀ ਜਿੱਤੇ ਸਨ ਤੇ ਲੱਖਾਂ ਦਰਸ਼ਕਾਂ ਦੇ ਦਿਲ ਜਿੱਤਣ ਵਿਚ ਵੀ ਉਹ ਪੂਰੀ ਤਰ੍ਹਾ ਕਾਮਯਾਬ ਰਹੀ ਸੀ। ਆਪਣੇ 32 ਸਾਲ ਦੇ ਫ਼ਿਲਮੀ ਕੈਰੀਅਰ ਵਿੱਚ ਉਸਨੇ ਕੁੱਲ 92 ਕੁ ਫ਼ਿਲਮਾਂ ਵਿਚ ਕੰਮ ਕੀਤਾ ਸੀ।ਮੀਨਾ ਇਹ ਮੰਨਦੀ ਸੀ ਕਿ ਉਸਦੀ ਜ਼ਿੰਦਗੀ ਵੀਰਾਨਗੀ ਤੇ ਫਿੱਕੇਪਨ ਨਾਲ ਭਰੀ ਹੋਈ ਸੀ ਇਸ ਲਈ ਉਸਨੇ ਬੜੀ ਹੀ ਬੇਬਾਕੀ ਨਾਲ ਲਿਖ਼ਿਆ ਸੀ :-

**ਤੁਮ ਕਿਆ ਕਰੋਗੇ ਸੁਨ ਕਰ**
**ਮੁਝ ਸੇ ਮੇਰੀ ਕਹਾਨੀ।**
**ਬੇਲੁਤਫ਼ ਜਿੰਦਗੀ ਕੇ**
**ਕਿੱਸੇ ਹੈਂ ਫੀਕੇ-ਫੀਕੇ।**
**ਅਤੇ**
**ਕਹਾਂ ਸ਼ੁਰੂ ਹੂਏ ਯੇ ਸਿਲਸਿਲੇ ਕਹਾਂ ਟੂਟੇ**
**ਨਾ ਇਸ ਸਿਰੇ ਕਾ ਪਤਾ ਨਾ ਵੋ ਸਿਰਾ ਮਾਲੂਮ।**

ਉਹ ਆਪਣੇ ਦਿਲ ਦੇ ਵੀਰਾਨਿਆਂ ਵਿਚ ਬਹਾਰ ਦੀ ਉਡੀਕ ਕਰਿਆ ਕਰਦੀ ਸੀ। ਉਸਨੂੰ ਸ਼ਾਇਦ ਆਸ ਸੀ ਜਾਂ ਉਸਦੀ ਖ਼ਾਹਿਸ਼ ਸੀ ਕਿ ਉਸਦੇ ਬੇਕਰਾਰ ਦਿਲ ਨੂੰ ਤੇ ਬੇਚੈਨ ਰੂਹ ਨੂੰ ਕਰਾਰ ਦੇਣ ਸ਼ਾਇਦ ਕੋਈ ਆਏਗਾ ਪਰ ਬਦਕਿਸਮਤੀ ਇਹ ਰਹੀ ਕਿ ਉਸਦੀ ਬੇਕਰਾਰ ਰੂਹ ਇਸ ਜਹਾਨ ਤੋਂ ਟੁਰ ਗਈ ਪਰ ਕਰਾਰ ਦੇਣ ਵਾਲਾ ਕੋਈ ਵੀ ਨਾ ਬਹੁੜਿਆ ਤੇ ਸਾਰੇ ਰਿਸ਼ਤੇ ਮਤਲਬੀ ਨਿਕਲੇ।ਮੀਨਾ ਨੇ ਲਿਖ਼ਿਆ ਸੀ :-

**ਯੂੰ ਤੇਰੀ ਰਹਿ.ਗੁਜ਼ਰ ਸੇ ਦੀਵਾਨਾ-ਵਾਰ .ਗੁਜ਼ਰੇ**
**ਕੰਧੇ ਪੇ ਅਪਨੇ ਰਖ ਕੇ ਅਪਨਾ ਮਜ਼ਾਰ .ਗੁਜ਼ਰੇ।**
**ਬੈਠੇ ਹੈਂ ਰਸਤੇ ਮੇਂ ਦਿਲ ਕਾ ਖ਼ਾਨਦਾਰ ਸਜਾ ਕਰ**
**ਸ਼ਾਇਦ ਇਸੀ ਤਰ.ਫ ਸੇ ਇਕ ਦਿਨ ਬਹਾਰ .ਗੁਜ਼ਰੇ।**
**ਅਤੇ**
**ਤੇਰੇ ਕਦਮੋਂ ਕੀ ਆਹਟ ਕੋ**
**ਯੇ ਦਿਲ ਢੂੰਢਤਾ ਹੈ ਹਰ ਦਮ**
**ਹਰ ਇਕ ਆਵਾਜ਼ ਪਰ**
**ਇਕ ਥਰਥਰਾਹਟ ਹੋਤੀ ਜਾਤੀ ਹੈ।**

ਕਿੰਨੀ ਦਿਲਚਸਪ ਗੱਲ ਹੈ ਕਿ ਬਾਲੀਵੁੱਡ ਦੇ ਨਾਮਵਰ ਗੀਤਕਾਰ ਸਾਹਿਰ ਲੁਧਿਆਣਵੀ ਨਾਲ ਅਧੂਰੀ ਰਹਿ ਗਈ ਮੁਹੱਬਤ ਦੇ ਸਿਲੇ ਵਜੋਂ ਮਿਲੇ ਬਿਰਹਾ ਨੂੰ ਬਿਆਨਦਿਆਂ ਪੰਜਾਬੀ ਦੀ ਸਿਰਮੌਰ ਸ਼ਾਇਰਾ ਅਮ੍ਰਿਤਾ ਪ੍ਰੀਤਮ ਨੇ ਆਪਣੇ ਕਾਵਿ ਸੰਗ੍ਰਹਿ 'ਸੁਨੇਹੜੇ' ਵਿਚ ਕਿੰਨਾ ਖ਼ੂਬਸੂਰਤ ਕਿਹਾ ਸੀ-

**ਇਹ ਬਿਰਹਾ ਅਸਾਂ ਮੰਗ ਕੇ ਲੀਤਾ,**
**ਇਹ ਬਿਰਹਾ ਸਾਨੂੰ ਸੱਜਣਾਂ ਦਿੱਤਾ।**
**ਇਸ ਬਿਰਹਾ ਦੇ ਘੁੱਪ ਹਨੇਰੇ,**
**ਕਿਉਂ ਕੋਈ ਦੀਵਾ ਬਾਲੇ ?**

ਅਧੂਰੀ ਮੁਹੱਬਤ ਦੀ ਅਜਿਹੀ ਹੀ ਇਕ ਚੀਸ ਨੂੰ ਆਪਣੇ ਦਿਲ ਦੇ ਇਕ ਕੋਨੇ ਵਿਚ ਦੱਬ ਕੇ ਅਤੇ ਬੇਵਫ਼ਾ ਪ੍ਰੇਮੀਆਂ ਕੋਲੋਂ ਹਾਸਿਲ ਹੋਏ ਬਿਰਹਾ ਨੂੰ ਆਪਣੀ ਝੋਲ੍ਹੀ ਵਿਚ ਸਮੇਟ ਕੇ ਬੈਠੀ ਮੀਨਾ ਨੇ ਲਿਖਿਆ ਸੀ :-

**ਖ਼ੁਦਾ ਕੇ ਵਾਸਤੇ .ਗਮ ਕੋ ਭੀ ਤੁਮ ਨਾ ਬਹਿਲਾਓ**
**ਇਸੇ ਤੋ ਰਹਿਨੇ ਦੋ ਮੇਰਾ,ਯਹੀ ਤੋ ਮੇਰਾ ਹੈ।**
**ਅਤੇ**
**ਉਦਾਸੀਉਂ ਨੇ ਮੇਰੀ ਆਤਮਾ ਕੋ ਘੇਰਾ ਹੈ**
**ਰੂਪਹਿਲੀ ਚਾਂਦਨੀ ਹੈ ਔਰ ਘਨਾ ਅੰਧੇਰਾ ਹੈ।**

ਮੀਨਾ ਕੁਮਾਰੀ ਨੇ ਆਪਣੇ ਵੱਖ-ਵੱਖ ਸ਼ੇਅਰਾਂ ਵਿਚ ਆਪਣੀ ਮੁਹੱਬਤ, ਆਪਣੇ ਜਜ਼ਬਾਤ ਅਤੇ ਆਪਣੇ ਗ਼ਮਾਂ ਦੀ ਦਾਸਤਾਨ ਬਿਆਨ ਕਰਨ ਦਾ ਪੂਰਾ ਯਤਨ ਕੀਤਾ ਸੀ। ਉਸਦੀ ਸ਼ਾਇਰੀ,ਉਸਦੀ ਜ਼ਿੰਦਗੀ ਵਿਚਲੇ ਖ਼ਲਾਅ ਅਤੇ ਉਸ ਖ਼ਲਾਅ ਵਿਚ ਉੱਠਦੀਆਂ ਜਜ਼ਬਾਤਾਂ ਦੀਆਂ ਲਹਿਰਾਂ ਨੂੰ ਅੱਖਰ-ਅੱਖਰ ਰੂਪਮਾਨ ਕਰਦੀ ਹੈ।ਮੀਨਾ ਜੀ ਦੇ ਕੁਝ ਸ਼ੇਅਰ ਇਸ ਪ੍ਰਕਾਰ ਹਨ :

**ਆ.ਗਾਜ਼ ਤੋ ਹੋਤਾ ਹੈ,ਅੰਜਾਮ ਨਹੀਂ ਹੋਤਾ**
**ਜਬ ਮੇਰੀ ਕਹਾਨੀ ਮੇਂ ਵੋ ਨਾਮ ਨਹੀਂ ਹੋਤਾ।**
**ਅਤੇ**
**ਅਨਕਹੀ,ਅਨਸੁਨੀ ਕੁਛ ਬਾਤੇਂ**
**ਸੂਨੇ ਦਿਨ ਔਰ ਯੇ ਸੁੰਨਸਾਨ ਰਾਤੇਂ।**
**ਅਤੇ**
**ਜਬ ਚਾਹਾ ਇਕਰਾਰ ਕੀਆ ਹੈ**
**ਜਬ ਚਾਹਾ ਇਨਕਾਰ ਕੀਆ ਹੈ।**
**ਦੇਖੋ ਹਮ ਨੇ ਖ਼ੁਦ ਹੀ ਸੇ**
**ਯੇ ਕੈਸਾ ਪਿਆਰ ਕੀਆ ਹੈ।**

ਪੰਜਾਬੀ ਜ਼ੁਬਾਨ ਦੇ ਮਾਰੂਫ਼ (ਪ੍ਰਸਿੱਧ) ਸ਼ਾਇਰ ਤੇ ਨਿੱਕੀ ਉਮਰੇ ਹੀ ਵੱਡੇ ਦਰਦ ਹੰਢਾਉਣ ਉਪਰੰਤ 'ਬਿਰਹਾ ਦਾ ਸੁਲਤਾਨ' ਦਾ ਲਕਬ ਹਾਸਿਲ ਕਰ ਕੇ ਇਸ ਜਹਾਨ ਤੋਂ ਰੁਖ਼ਸਤ ਹੋ ਜਾਣ ਵਾਲੇ ਸ਼ਿਵ ਕੁਮਾਰ ਬਟਾਲਵੀ ਵਾਂਗ ਹੀ ਅਧੂਰੀ ਮੁਹੱਬਤ ਦੇ ਅਹਿਸਾਸ ਵਿਚ ਡੁੱਬੀ ਮੀਨਾ ਕੁਮਾਰੀ ਵੀ ਸ਼ਿਵ ਵਾਂਗ ਮੁਹੱਬਤ ਨੂੰ ਮੌਤ ਨਾਲ ਜੋੜ ਕੇ ਵੇਖ਼ਦੀ ਸੀ। ਮੌਤ ਦੀ ਆ.ਗੋਸ਼ 'ਚ ਸਮਾਉਣ ਦੀ ਆਪਣੀ ਦਿਲੀ ਚਾਹਤ ਪ੍ਰਗਟਾਉਂਦਿਆਂ ਮੀਨਾ ਨੇ ਕਿਹਾ ਸੀ :-

**ਮੌਤ ਕਹਿ ਲੋ,ਜੋ ਮੁਹੱਬਤ ਨਹੀਂ ਕਹਿਨੇ ਪਾਓ**
**ਉਸੀ ਕਾ ਨਾਮ ਮੁਹੱਬਤ ਹੈ,ਜਿਸਕਾ ਨਾਮ ਮੌਤ ਹੈ।**

ਸੋ ਮੀਨਾ ਦੀ ਅਦਾਕਾਰੀ ਅਤੇ ਸ਼ਾਇਰੀ ਤਾਂ ਪੂਰੀ ਹੋ ਨਿੱਬੜੀ ਸੀ ਪਰ ਉਸਦੀ ਮੁਹੱਬਤ ਅਤੇ ਜ਼ਿੰਦਗੀ ਦੋਵੇਂ ਹੀ ਅਧੂਰੇ ਰਹਿ ਗਏ ਸਨ। ਆਪਣੀ ਮੁਹੱਬਤ ਦੇ ਅਧੂਰੇਪਨ ਨੂੰ ਬਿਆਨ ਕਰਦਿਆਂ ਉਹ ਯਾਦ ਕਰਨ ਦੀ ਕੋਸ਼ਿਸ਼ ਕਰਦੀ ਸੀ ਕਿ ਮੁਹੱਬਤ 'ਚ ਆਖ਼ਿਰ ਕਮੀ ਕਿੱਥੇ ਰਹਿ ਗਈ ਸੀ ? ਉਸਦੇ ਦਰਦ ਭਿੱਜੇ ਸ਼ਾਇਰਾਨਾ ਬੋਲ ਸਨ :-

ਆਹ ! ਰੂਹ ਬੋਝਲ,ਬੋਝਲ
ਕਹਾਂ ਪੇ ਹਾਥ ਸੇ
ਕੁਛ ਛੂਟ ਗਿਆ,
ਯਾਦ ਨਹੀਂ।

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**ਮੋ: 97816-46008**






# ਨੌਜਵਾਨ ਪੀੜ੍ਹੀ ਦੀ ਸਿਰਜਨਾਤਮਕਤਾ :
# ਮਾਪਿਆਂ ਦੀ ਥਾਪੀ ਅਤੇ ਅਧਿਆਪਕ ਦਾ ਆਧੁਨਿਕ ਨਜ਼ਰੀਆ

ਅੱਜ ਦੇ ਤੇਜ਼ ਰਫਤਾਰ ਅਤੇ ਡਿਜੀਟਲ ਯੁੱਗ ਵਿੱਚ ਨੌਜਵਾਨ ਪੀੜ੍ਹੀ ਨੂੰ ਸਿਰਫ਼,ਨੰਬਰਾਂ, ਕਿਤਾਬੀ ਗਿਆਨ ਅਤੇ ਡਿਗਰੀਆਂ ਤੱਕ ਸੀਮਤ ਰੱਖਣਾ, ਉਹਨਾਂ ਦੀ ਪ੍ਰਤਿਭਾ ਨਾਲ ਅਨਿਆਂ ਕਰਨਾ ਹੈ। ਬਦਲਦੇ ਇਸ ਮੁਕਾਬਲੇ ਦੇ ਦੌਰ ਵਿੱਚ,ਸਿਰਜਨਾਤਮਕਤਾ ਨੂੰ ਅੱਖੋਂ ਪਰੋਖੇ ਕਰਨਾ, ਸਮਾਜ ਲਈ ਘਾਤਕ ਬਣਦਾ ਜਾ ਰਿਹਾ ਹੈ। ਨੌਜਵਾਨਾਂ ਅੰਦਰ ਛੁਪੀ ਸਿਰਜਨਾਤਮਕਤਾ (Creativity) ਨੂੰ ਉਜਾਗਰ ਕਰਨ ਵਿੱਚ ਮਾਪਿਆਂ ਦਾ ਸਹਿਯੋਗ, ਪਿਆਰ ਅਤੇ ਅਧਿਆਪਕਾਂ ਦਾ ਬਦਲਦਾ ਸਰੂਪ ਸਭ ਤੋਂ ਅਹਿਮ ਕੜੀ ਹੈ।

ਘਰ ਬੱਚੇ ਦੀ ਪਹਿਲੀ ਪ੍ਰਯੋਗਸ਼ਾਲਾ ਹੈ। ਬੱਚਾ ਜਦੋਂ ਮਾਪਿਆਂ ਨੂੰ ਕਈ ਸਵਾਲ,ਪੁੱਛਦਾ ਹੈ, ਕਈ ਨਵਾਂ ਕੰਮ ਕਰਦਾ ਹੈ, ਗਲਤੀਆਂ ਕਰਦਾ ਹੈ ਤਾਂ ਮਾਪਿਆਂ ਦਾ,ਪਿਆਰ, ਹੌਸਲਾ ਅਤੇ ਸਾਥ, ਉਸ ਤੋਂ ਉਹ ਕੰਮ ਕਰਵਾ ਦਿੰਦਾ ਹੈ, ਜਿਹੜਾ ਉਹ ਕਰਨ ਵਿੱਚ ਅਸਮਰੱਥਾ ਪ੍ਰਗਟ ਕਰਦਾ ਹੈ। ਬੱਚੇ ਨੇ ਨਿਡਰਤਾ ਅਤੇ ਗਲਤੀਆਂ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਜਿਵੇਂ ਥਾਮਸ ਐਡੀਸਨ ਦੀ ਮਾਂ ਨੇ ਉਸਦੀ ਬੁੱਧੀ ਤੇ ਵਿਸ਼ਵਾਸ ਕਰਕੇ ਉਸਨੂੰ ਦੁਨੀਆਂ ਦਾ ਮਹਾਨ ਵਿਗਿਆਨੀ ਬਣਾ ਦਿੱਤਾ, ਓਸੇ ਤਰ੍ਹਾਂ ਅੱਜ ਦੇ ਮਾਪਿਆਂ ਨੂੰ ਵੀ ਨੰਬਰਾਂ ਦੀ ਦੌੜ ਦੀ ਬਜਾਏ ਬੱਚੇ ਦੇ ਅੰਦਰੂਨੀ ਗੁਣਾਂ ਤੇ ਭਰੋਸਾ ਕਰਨਾ ਚਾਹੀਦਾ ਹੈ।

ਅਧਿਆਪਕ: ਹੰਕਾਰ ਤੋਂ ਉੱਪਰ, ਸਮੇਂ ਦਾ ਹਾਣੀ!

ਅਜੋਕੇ ਸਮੇਂ ਵਿੱਚ ਅਧਿਆਪਕ ਦੀ ਭੂਮਿਕਾ ਸਿਰਫ਼ ਜਾਣਕਾਰੀ ਦੇਣ ਵਾਲੇ ਦੀ ਹੀ ਨਹੀਂ ਰਹੀ, ਕਿਉਂਕਿ ਜਾਣਕਾਰੀ ਤਾਂ ਗੂਗਲ, ਏ ਆਈ ਜਾਂ ਫੋਨ ਰਾਹੀਂ ਕਿਤੋਂ ਵੀ ਲਈ ਜਾ ਸਕਦੀ ਹੈ। ਅਸਲ ਚੁਣੌਤੀ ਅਧਿਆਪਕ ਦੇ ਮਨ ਨੂੰ ਸਿਰਜਨਾਤਮਕ ਬਣਾਉਣ ਦੀ ਹੈ। ਇੱਕ ਸਫ਼ਲ ਅਧਿਆਪਕ ਉਹ ਹੈ ਜੋ ਖੁਦ ਨੂੰ ਨਵੀਆਂ ਤਕਨੀਕਾਂ ਅਨੁਸਾਰ ਢਾਲਦਾ ਹੈ। ਜੇਕਰ ਅਧਿਆਪਕ ਖੁਦ ਨਵਾਂ ਸਿੱਖਣ ਲਈ ਤਿਆਰ ਹੈ, ਤਾਂ ਹੀ ਉਹ ਵਿਦਿਆਰਥੀਆਂ ਵਿੱਚ ਉਤਸੁਕਤਾ ਪੈਦਾ ਕਰ ਸਕਦਾ ਹੈ। ਗਿਆਨ ਦਾ ਹੰਕਾਰ ਸਿੱਖਣ ਦੀ ਪ੍ਰਕਿਰਿਆ ਨੂੰ ਰੋਕ ਦਿੰਦਾ ਹੈ। ਅਧਿਆਪਕ ਦਾ ਰੋਲ ਉਸ ਘੁਮਿਆਰ ਵਰਗਾ ਹੈ ਜੋ ਮਿੱਟੀ (ਵਿਦਿਆਰਥੀ) ਨੂੰ ਰੂਪ ਦਿੰਦੇ ਸਮੇਂ ਬਾਹਰੋਂ ਤਾਂ ਅਨੁਸ਼ਾਸਨ ਰੱਖਦਾ ਹੈ, ਪਰ ਅੰਦਰੋਂ ਨਿਮਰਤਾ ਦਾ ਸਹਾਰਾ ਦਿੰਦਾ ਹੈ। ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਚੁਣੌਤੀ ਸਿਰਜਨਾਤਮਕ ਸੋਚ ਵਾਲਿਆਂ ਵਿੱਚ ਵੱਧ ਰਹੀ ਸ਼ਬਦਾਵਲੀ ਅਤੇ ਹਿੰਸਕ ਪ੍ਰਗਟਾਵਾ ਹੈ। ਮਨੋਵਿਗਿਆਨ ਅਨੁਸਾਰ, ਜਦੋਂ ਬੱਚੇ ਦੀ ਸਿਰਜਨਾਤਮਕ ਊਰਜਾ ਨੂੰ ਸਹੀ ਰਸਤਾ ਨਹੀਂ ਮਿਲਦਾ, ਤਾਂ ਉਹ ਹਿੰਸਾ ਵੱਲ ਮੁੜਦੀ ਹੈ। ਬੱਚਿਆਂ ਵਿੱਚ ਹਿੰਸਾ ਨੂੰ ਰੋਕਣ ਲਈ ਮਾਪਿਆਂ ਅਤੇ ਅਧਿਆਪਕਾਂ ਨੂੰ ਡਰ ਦੀ ਬਜਾਏ 'ਸੰਵਾਦ' ਦਾ ਮਾਹੌਲ ਸਿਰਜਣਾ ਪਵੇਗਾ। ਬੱਚਿਆਂ ਨੂੰ ਸਿਖਾਉਣਾ ਚਾਹੀਦਾ ਹੈ ਕਿ ਤਾਕਤ ਸ਼ਬਦਾਂ ਦੀ ਗਿਰਾਵਟ ਵਿੱਚ ਨਹੀਂ, ਸਗੋਂ ਵਿਚਾਰਾਂ ਦੀ ਡੂੰਘਾਈ ਵਿੱਚ ਹੁੰਦੀ ਹੈ।ਸਿਰਜਨਾਤਮਕ ਕੰਮਾਂ (ਕਲਾ, ਸੰਗੀਤ, ਖੇਡਾਂ) ਵਿੱਚ ਲੱਗ ਕੇ ਬੱਚੇ ਆਪਣੇ ਗੁੱਸੇ ਨੂੰ ਉਸਾਰੂ ਊਰਜਾ ਵਿੱਚ ਬਦਲ ਸਕਦੇ ਹਨ। ਸਿਰਜਨਾਤਮਕਤਾ ਲਈ ਮਨੋਵਿਗਿਆਨਕ ਸੁਰੱਖਿਆ ਬਹੁਤ ਜਰੂਰੀ ਹੈ ਜਦੋਂ ਬੱਚੇ ਨੂੰ ਇਹ ਭਰੋਸਾ ਹੁੰਦਾ ਹੈ ਕਿ ਉਸਦੇ ਨਵੇਂ ਵਿਚਾਰ ਤੇ ਕੋਈ ਹੱਸੇਗਾ ਨਹੀਂ, ਤਾਂ ਉਹ ਵਿਕਾਸਸ਼ੀਲ ਬੁੱਧੀ ('ਗਰੋਥ ਮਾਈਂਡਸੈੱਟ') ਨਾਲ ਅੱਗੇ ਵੱਧਦਾ ਹੈ। ਅਧਿਆਪਕ ਜਦੋਂ ਨਿਮਰਤਾ ਤੇ ਮਿਠਾਸ ਨਾਲ ਮਾਰਗਦਰਸ਼ਨ ਕਰਦਾ ਹੈ ਤਾਂ ਬੱਚੇ ਅੰਦਰੂਨੀ ਤੌਰ 'ਤੇ ਸਿੱਖਣ ਲਈ ਪ੍ਰੇਰਿਤ ਹੁੰਦੇ ਹਨ।ਅਖੀਰ ਵਿੱਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿਰਜਨਾਤਮਕਤਾ ਦਾ ਬੀਜ ਓਦੋਂ ਪੁੰਗਰਦਾ ਹੈ ਜਦੋਂ ਅਨੁਸ਼ਾਸਨ ਦਾ ਡਰ ਨਹੀਂ, ਸਗੋਂ ਸਮਝਦਾਰੀ ਦਾ ਨਿੱਘ ਮਿਲਦਾ ਹੈ।

**ਗਗਨਦੀਪ ਕੌਰ,**
**ਪੰਜਾਬੀ ਮਿਸਟ੍ਰੈਸ**
**ਸ਼ਹੀਦ ਉਦੈ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਖਿਆਲਾ ਕਲਾਂ**

**ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਚੁਣੌਤੀ ਸਿਰਜਨਾਤਮਕ ਸੋਚ ਵਾਲਿਆਂ ਵਿੱਚ ਵੱਧ ਰਹੀ ਸ਼ਬਦਾਵਲੀ ਅਤੇ ਹਿੰਸਕ ਪ੍ਰਗਟਾਵਾ ਹੈ। ਮਨੋਵਿਗਿਆਨ ਅਨੁਸਾਰ, ਜਦੋਂ ਬੱਚੇ ਦੀ ਸਿਰਜਨਾਤਮਕ ਊਰਜਾ ਨੂੰ ਸਹੀ ਰਸਤਾ ਨਹੀਂ ਮਿਲਦਾ, ਤਾਂ ਉਹ ਹਿੰਸਾ ਵੱਲ ਮੁੜਦੀ ਹੈ। ਬੱਚਿਆਂ ਵਿੱਚ ਹਿੰਸਾ ਨੂੰ ਰੋਕਣ ਲਈ ਮਾਪਿਆਂ ਅਤੇ ਅਧਿਆਪਕਾਂ ਨੂੰ ਡਰ ਦੀ ਬਜਾਏ 'ਸੰਵਾਦ' ਦਾ ਮਾਹੌਲ ਸਿਰਜਣਾ ਪਵੇਗਾ। ਬੱਚਿਆਂ ਨੂੰ ਸਿਖਾਉਣਾ ਚਾਹੀਦਾ ਹੈ ਕਿ ਤਾਕਤ ਸ਼ਬਦਾਂ ਦੀ ਗਿਰਾਵਟ ਵਿੱਚ ਨਹੀਂ, ਸਗੋਂ ਵਿਚਾਰਾਂ ਦੀ ਡੂੰਘਾਈ ਵਿੱਚ ਹੁੰਦੀ ਹੈ।**








# 'ਸਿੱਕਮ ਦਾ ਇੱਕ ਬਰਸਾਤੀ ਦਿਨ' ਪੁਸਤਕ ਭਾਰਤ ਦਾ ਬਹੁ-ਸਭਿਆਚਾਰਕ ਸਰੂਪ



ਉਜਾਗਰ ਸਿੰਘ

ਨਿਰੰਜਣ ਸਿੰਘ ਸੈਲਾਨੀ ਜ਼ਮੀਨੀ ਹਕੀਕਤਾਂ ਦਾ ਵਰਣਨ ਕਰਨ ਵਾਲਾ ਲੇਖਕ ਹੈ। ਉਸ ਦੀਆਂ ਹੁਣ ਤੱਕ 32 ਪੁਸਤਕਾਂ, ਜਿਨ੍ਹਾਂ ਵਿੱਚ 12 ਮੌਲਿਕ, 20 ਅਨੁਵਾਦਿਤ/ਸਾਂਝੇ ਸੰਗ੍ਰਹਿ ਪੰਜਾਬੀ ਤੇ ਹਿੰਦੀ ਦੇ ਸ਼ਾਮਲ ਹਨ। ਚਰਚਾ ਅਧੀਨ ਉਸਦਾ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦਿਤ ਲੇਖ/ਕਹਾਣੀ ਸੰਗ੍ਰਹਿ 'ਸਿੱਕਮ ਦਾ ਇੱਕ ਬਰਸਾਤੀ ਦਿਨ' ਭਾਰਤ ਦੇ ਬਹੁ-ਰੰਗੀ, ਬਹੁ-ਭਾਸ਼ਾਈ ਬਹੁ-ਸਭਿਆਚਾਰਕ ਰੂਪਾਂ ਦਾ ਪ੍ਰਗਟਾਵਾ ਕਰਦਾ ਹੈ। ਇਸ ਲੇਖ /ਕਹਾਣੀ ਸੰਗ੍ਰਹਿ ਵਿੱਚ ਹਿੰਦੀ ਦੀ ਲੇਖਕ ਨੀਲਮ ਕੁਲਸ਼ਰੇਸ਼ਥਾ ਦੀਆਂ 12 ਕਹਾਣੀਆਂ/ਲੇਖਾਂ ਦਾ ਪੰਜਾਬੀ ਰੂਪ ਆਮ ਬੋਲਚਾਲ ਵਾਲੀ ਮਲਵਈ ਭਾਸ਼ਾ ਵਿੱਚ ਕੀਤਾ ਗਿਆ ਹੈ। ਇਹ ਕਹਾਣੀਆਂ/ਲੇਖ ਮੁੱਖ ਤੌਰ ਤੇ ਭਾਰਤ ਦੇ ਬਹੁ-ਪੱਖੀ ਸਭਿਅਚਾਰ ਦੇ ਦ੍ਰਿਸ਼ਟਾਂਤਿਕ ਰੂਪ ਵਿੱਚ ਦਰਸ਼ਨ ਕਰਵਾਉਂਦੇ ਹਨ। ਭਾਵੇਂ ਇਹ ਕਹਾਣੀਆਂ/ਲੇਖ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤੇ ਹੋਏ ਹਨ, ਪ੍ਰੰਤੂ ਮੌਲਿਕ ਲਗਦੇ ਹਨ। ਅਨੁਵਾਦਕ ਨੇ ਪੁਸਤਕ ਪ੍ਰਕਾਸ਼ਤ ਕਰਨ ਸਮੇਂ ਇਸਨੂੰ ਕਹਾਣੀ/ਲੇਖ ਸੰਗ੍ਰਹਿ ਨਹੀਂ ਲਿਖਿਆ। ਸਿਰਫ਼ 'ਸਿੱਕਮ ਦਾ ਇੱਕ ਬਰਸਾਤੀ ਦਿਨ' ਸਿਰਲੇਖ ਲਿਖਿਆ ਹੈ, ਪ੍ਰੰਤੂ ਪੁਸਤਕ ਦੇ ਅੰਦਰ 4 ਨੰਬਰ ਪੰਨੇ ਤੇ ਬਰੈਕਟ ਵਿੱਚ ਕਹਾਣੀ ਸੰਗ੍ਰਹਿ ਲਿਖ ਦਿੱਤਾ ਹੈ। ਸਾਰੀ ਪੁਸਤਕ ਪੜ੍ਹਨ ਤੋਂ ਬਾਅਦ ਇਹ ਮਹਿਸੂਸ ਹੁੰਦਾ ਹੈ ਕਿ ਇਹ ਦਸ ਲੇਖ ਹਿੰਦੀ ਲੇਖਿਕਾ ਨੀਲਮ ਕੁਲਸ਼ਰੇਸ਼ਥਾ ਦਾ ਸਫ਼ਰਨਾਮਾ ਹੈ, ਕਿਉਂਕਿ ਸਾਰੀ ਪੁਸਤਕ ਵਿੱਚ ਵੱਖ-ਵੱਖ ਥਾਵਾਂ ਦੀ ਯਾਤਰਾ ਦਾ ਜ਼ਿਕਰ ਆਉਂਦਾ ਹੈ। ਪਹਿਲੇ ਤਿੰਨ ਲੇਖ ਰੇਲ ਯਾਤਰਾ ਨਾਲ ਸੰਬੰਧਤ ਹਨ। ਪਹਿਲਾ ਲੇਖ /ਕਹਾਣੀ 'ਬੇਮਿਸਾਲ ਭਾਰਤ' ਰੇਲ ਗੱਡੀਆਂ, ਬਸਾਂ, ਹੋਰ ਆਵਾਜਾਈ ਦੇ ਸਾਧਨਾ ਵਿੱਚ ਸਫਰ ਕਰਨ ਸਮੇਂ ਲੋਕਾਂ ਵੱਲੋਂ ਕੀਤੇ ਜਾਂਦੇ ਵਿਵਹਾਰ ਦੀ ਤਸਵੀਰ ਵਿਖਾਈ ਗਈ ਹੈ। ਇੱਥੋਂ ਤੱਕ ਕਿ ਆਮ ਲੋਕਾਂ ਅਤੇ ਆਧੁਨਿਕਤਾ ਦੇ ਨਾਮ ਤੇ ਮਟਰਗਸ਼ਤੀਆਂ ਕਰਨ ਵਾਲੇ ਮੁੰਡੇ/ਕੁੜੀਆਂ ਦੀ ਬੋਲ- ਚਾਲ ਅਤੇ ਖਾਸ ਤੌਰ 'ਤੇ ਕੁੜੀਆਂ ਦੇ ਪਬਲਿਕ ਦੇ ਸਾਹਮਣੇ ਸਿਗਰਟਾ ਪੀਣ ਬਾਰੇ ਵੀ ਦੱਸਿਆ ਗਿਆ ਹੈ। ਇਹ ਵੀ ਦਰਸਾਇਆ ਗਿਆ ਹੈ ਕਿ ਭਾਰਤ ਵਿੱਚ ਲੋਕ ਕਿਵੇਂ ਇੱਕ ਦੂਜੇ ਦੇ ਹਿਤਾਂ ਦਾ ਧਿਆਨ ਰੱਖਦੇ ਹਨ। ਦੂਜੀ ਕਹਾਣੀ/ਲੇਖ 'ਛਿੱਟਿਆਂ ਦਾ ਅਕਸ' ਵਿੱਚ ਲੋਕਾਂ ਵੱਲੋਂ ਕਿਸੇ ਦੂਜੇ ਦੇ ਦੁੱਖ ਨੂੰ ਮਹਿਸੂਸ ਨਾ ਕਰਨ ਦੀ ਤ੍ਰਾਸਦੀ ਬਾਰੇ ਦੱਸਿਆ ਗਿਆ ਹੈ। ਭਾਵ ਲੋਕਾਂ ਨੂੰ ਆਪੋ ਆਪਣੀ ਪਈ ਹੋਈ ਹੈ, 'ਕੋਈ ਮਰੇ ਕੋਈ ਜੀਵੇ, ਖੁਸਰਾ ਘੋਲ ਪਤਾਸੇ ਪੀਵੇ'। ਤੀਜੀ ਕਹਾਣੀ/ਲੇਖ 'ਆਮ ਔਰਤ ਦੀ ਆਮ ਡੱਬੇ ਵਿੱਚ ਯਾਤਰਾ' ਰੇਲ ਗੱਡੀਆਂ ਵਿੱਚ ਸੀਟਾਂ ਲੈਣ ਲਈ ਭ੍ਰਿਸ਼ਟਾਚਾਰ ਦੇ ਬੋਲਬਾਲੇ ਦੀ ਜਾਣਕਾਰੀ ਦਿੱਤੀ ਗਈ ਹੈ। ਮਸ਼ਟੰਡੇ ਰੇਲਵੇ ਦੇ ਮੁਲਾਜ਼ਮਾ ਅਤੇ ਪੁਲਿਸ ਦੀ ਮਿਲੀ ਭੁਗਤ ਨਾਲ ਗ਼ੈਰਕਾਨੂੰਨੀ ਢੰਗ ਨਾਲ ਪੈਸੇ ਉਗਰਾਹੁੰਦੇ ਹਨ। ਨੌਜਵਾਨ ਕੋਈ ਕੰਮ ਕਰਨ ਨੂੰ ਤਿਆਰ ਹੀ ਨਹੀਂ। ਲੋਕ ਚੁੱਪ ਕਰਕੇ ਸਾਰਾ ਕੁੱਝ ਬਰਦਾਸ਼ਤ ਕਰਦੇ ਰਹਿੰਦੇ ਹਨ। ਚੌਥੀ ਕਹਾਣੀ/ਲੇਖ 'ਰੈਸਕਿਊ' ਵਿੱਚ ਦਰਸਾਇਆ ਕਿ ਹੈ ਕਿ 'ਓਕਈ' ਡੈਮ ਵਿੱਚੋਂ ਪਾਣੀ ਛੱਡਣ ਨਾਲ ਤਾਪੀ ਨਦੀ ਵਿੱਚ ਹੜ ਆ ਗਿਆ, ਜਿਸਦੇ ਸਿੱਟੇ ਵਜੋਂ ਸੂਰਤ ਸ਼ਹਿਰ ਪਾਣੀ ਵਿੱਚ ਡੁੱਬ ਗਿਆ, ਅਨੇਕਾਂ ਲੋਕ ਤੇ ਪਸ਼ੂ ਮਾਰੇ ਗਏ ਆਮ ਲੋਕਾਂ ਦਾ ਕਿਸੇ ਨੂੰ ਫ਼ਿਕਰ ਨਹੀਂ, ਕੁਝ ਖਾਸ ਬੰਦਿਆਂ ਦੇ ਬਚਾਓ ਲਈ ਸਿਫ਼ਾਰਸ਼ਾਂ ਨਾਲ ਪ੍ਰਬੰਧ ਕੀਤਾ ਜਾਂਦਾ ਹੈ। ਇਹ ਭਾਰਤੀਆਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਪੰਜਵੀਂ ਕਹਾਣੀ/ਲੇਖ 'ਸਿੱਕਮ ਦਾ ਇੱਕ ਬਰਸਾਤੀ ਦਿਨ' ਕਹਾਣੀ/ਲੇਖ ਵਿੱਚ ਸਿੱਕਮ ਦੇ ਸੁੰਦਰ ਦ੍ਰਿਸ਼ਾਂ, ਸੈਰ ਸਪਾਟਾ ਵਾਲੇ ਥਾਵਾਂ, ਸਭਿਆਚਾਰ, ਲੋਕਾਂ ਦੇ ਰਹਿਣ-ਸਹਿਣ, ਵਿਓਪਾਰ ਤੇ ਗ਼ਰੀਬੀ ਬਾਰੇ ਦਰਸਾਇਆ ਗਿਆ ਹੈ। ਉਹ ਲੋਕ ਭਾਰਤ ਵਿੱਚ ਸ਼ਾਮਲ ਹੋਣ ਨੂੰ ਬਿਹਤਰੀਨ ਮੰਨਦੇ ਹਨ, ਉਸਤੋਂ ਬਾਅਦ ਸਿੱਕਮ ਦਾ ਵਿਕਾਸ ਹੋਇਆ ਹੈ। ਛੇਵੀਂ ਕਹਾਣੀ/ਲੇਖ 'ਕਸ਼ਿਸ਼ ਦਾ ਕਮਾਲ' ਬਹੁਤ ਹੀ ਦਿਲਚਸਪ ਬਿਰਤਾਂਤ ਹੈ, ਜਿਸ ਵਿੱਚ ਭਾਰਤੀ ਲੜਕੇ/ਲੜਕੀਆਂ ਵਿੱਚ ਵਿਆਹ ਨਾ ਕਰਵਾਉਣ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ ਗਿਆ ਹੈ, ਪ੍ਰੰਤੂ ਦੋਹਾਂ ਵਿੱਚ ਰੁਮਾਂਟਿਕ ਭਾਵਨਾਵਾਂ ਮੌਜੂਦ ਹੁੰਦੀਆਂ ਹਨ, ਜਿਹੜੀਆਂ ਉਨ੍ਹਾਂ ਨੂੰ ਨਾ ਚਾਹੁੰਦਿਆਂ ਵੀ ਇੱਕ ਦੂਜੇ ਦੀ ਖਿੱਚ ਲਈ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ। ਇਸ ਕਹਾਣੀ ਵਿੱਚ ਇਹ ਵੀ ਦਰਸਾਇਆ ਗਿਆ ਹੈ, ਭਾਰਤੀ ਮਰਦ ਤੇ ਇਸਤਰੀਆਂ ਆਪਣੀ ਜ਼ਿੰਦਗੀ ਦਾ ਖੁਲ੍ਹਕੇ ਆਨੰਦ ਵੀ ਲੈ ਨਹੀਂ ਸਕਦੇ, ਜਦੋਂ ਕਿ ਗੋਰੇ ਲੋਕ ਹਰ ਉਮਰ ਵਿੱਚ ਜ਼ਿੰਦਗੀ ਮਾਣਦੇ ਹਨ। ਭਾਰਤੀ ਇਸਤਰੀਆਂ ਆਪਣੇ ਪਤੀਆਂ ਤੇ ਇਹੋ ਨਿਗਾਹ ਰੱਖਦੀਆਂ ਹਨ ਕਿ ਉਹ ਕਿਸੇ ਦੂਜੀ ਔਰਤ ਦੇ ਚੱਕਰ ਵਿੱਚ ਨਾ ਫਸੇ। ਵੱਡੀਆਂ ਕੰਪਨੀਆਂ ਆਪਣੇ ਵਿਓਪਾਰ ਨੂੰ ਪ੍ਰਫ਼ੁਲਤ ਕਰਨ ਲਈ ਹਰ ਹੀਲਾ ਵਰਤਦੇ ਹੋਏ ਕਾਨਫ਼ਰੰਸਾਂ ਦੇ ਬਹਾਨੇ ਆਪਣੇ ਕਰਮਚਾਰੀਆਂ ਨੂੰ ਵੱਡੇ ਹੋਟਲਾਂ ਵਿੱਚ ਕਾਨਫ਼ਰੰਸਾਂ ਆਯੋਜਤ ਕਰਕੇ ਸੈਰ ਸਪਾਟਾ ਦੀਆਂ ਸਹੂਲਤਾਂ ਦੇ ਕੇ ਉਤਸ਼ਾਹਤ ਕਰਦੇ ਹਨ ਤਾਂ ਜੋ ਉਨ੍ਹਾਂ ਦਾ ਵਿਓਪਾਰ ਵੱਧ ਸਕੇ। ਸੱਤਵੀਂ ਕਹਾਣੀ/ਲੇਖ 'ਸਫ਼ੈਦ ਪੱਥਰਾਂ 'ਚ ਅਟਕੀ ਜਾਨ. . .ਰਣ ਦਾ ਵੱਛੜਾ-ਦਾਦਾ' ਵਿੱਚ ਗੁਜਰਾਤ ਦੇ ਮਾਰੂਥਲ ਪਥਰੀਲੇ ਇਲਾਕੇ ਦੀ ਦਾਸਤਾਂ ਹੈ ਤੇ 'ਵੱਛੜਾ ਦਾਦਾ' ਮੰਦਰ ਦੀ ਮਿਥ ਦੀ ਕਹਾਣੀ ਹੈ, ਅਰਥਾਤ ਧਾਰਮਿਕ ਆਸਥਾ ਭਾਰਤੀਆਂ ਵਿੱਚ ਜ਼ਿਆਦਾ ਹੈ ਕਿ ਉਥੋਂ ਸੁੱਖਾਂ ਪੂਰੀਆਂ ਹੁੰਦੀਆਂ ਹਨ। ਉਥੋਂ ਦੇ ਗ਼ਰੀਬ ਲੋਕਾਂ ਦੀ ਤ੍ਰਾਸਦੀ ਵੀ ਦਰਸਾਈ ਗਈ ਹੈ। ਅੱਠਵੀਂ ਕਹਾਣੀ/ ਲੇਖ 'ਜੰਨਤ ਦੀ ਮੁਸਕਾਨ ਸਿਰਫ਼ ਸੱਤ ਲੱਖ ਰੁਪਏ' ਵਿੱਚ ਜੰਮੂ ਕਸ਼ਮੀਰ ਦੀ ਅਸਥਿਰਤਾ ਬਾਰੇ ਹੈ, ਜਿਥੇ ਪੰਡਤਾਂ ਦੇ ਕਤਲ ਆਮ ਹੁੰਦੇ ਰਹਿੰਦੇ ਹਨ। ਸਥਾਨਕ ਲੋਕ ਅਤਿਵਾਦੀਆਂ ਅਤੇ ਸਰਕਾਰੀ ਤੰਤਰ ਦੀਆਂ ਜ਼ਿਆਦਤੀਆਂ ਦੇ ਤੰਗ ਕੀਤੇ ਹੋਏ ਦਰਸਾਏ ਹਨ। ਔਰਤਾਂ ਹਰ ਵਰਗ ਦੀਆਂ ਗੁਲਾਮ ਹਨ, ਸਕੂਲ ਬੰਦ ਕਰ ਦਿੱਤੇ ਜਾਂਦੇ ਸਨ/ਡਰਦੇ ਅਧਿਆਪਕ ਛੱਡ ਜਾਂਦੇ/ਮਾਰ ਦਿੱਤੇ ਜਾਂਦੇ ਹਨ। ਅਮੀਰ ਲੋਕ ਆਪਣੇ ਬੱਚਿਆਂ ਨੂੰ ਜੰਮੂ ਕਸ਼ਮੀਰ ਤੋਂ ਬਾਹਰ ਦਾਖ਼ਲ ਕਰਵਾਕੇ ਪੜ੍ਹਾਈ ਕਰਵਾਉਂਦੇ ਹਨ। ਨੌਵਾਂ 'ਪੂਨਾ-ਪਲਟ' ਵਿੱਚ ਲੇਖਕ ਇੱਕ ਖਾਂਦੇ ਪੀਂਦੇ ਪਰਿਵਾਰ ਦੇ ਇੱਕ ਵਿਅਕਤੀ ਨੂੰ ਪੂਨਾ-ਪਲਟ ਕਹਿੰਦਾ ਹੈ, ਜਿਹੜਾ ਐਕਟਰ ਬਣਨ ਦੇ ਜਨੂਨ ਕਰਕੇ ਸਾਰੀ ਉਮਰ ਐਕਟਰ ਬਣਨ ਦੀ ਕੋਸ਼ਿਸ਼ ਵਿੱਚ ਅਸਫਲ ਹੁੰਦਾ ਹੈ। ਪਰਿਵਾਰ ਦੀਆਂ ਦੋ ਭੈਣਾਂ ਦਾ ਇਕਲੌਤਾ ਭਰਾ ਵਿਆਹ ਵੀ ਐਕਟਰ ਬਣਨ ਤੋਂ ਬਾਅਦ ਕਰਵਾਉਣ ਦੇ ਸਪਨਿਆਂ ਵਿੱਚ ਹੀ ਖੋਇਆ ਰਹਿੰਦਾ ਹੈ। ਅਖ਼ੀਰ ਭਗਵੇਂ ਕਪੜੇ ਪਾ ਕੇ ਪਾਠ ਪੂਜਾ ਦੇ ਚਕਰ ਵਿੱਚ ਫਸ ਜਾਂਦਾ ਹੈ। ਮਾਤਾ




ਪਿਤਾ ਦੀ ਸਾਰੀ ਜਾਇਦਾਦ ਇਸੇ ਚਕਰ ਵਿੱਚ ਗੁਆ ਦਿੰਦਾ ਹੈ। ਫਿਲਮਾ ਅਤੇ ਬਿਗ ਬਾਸ ਵਰਗੇ ਸ਼ੋਅ ਨੂੰ ਸ਼ੋਸ਼ੇ ਕਿਹਾ ਜਾਂਦਾ ਹੈ। ਨੌਜਵਾਨ ਇਨ੍ਹਾਂ ਸ਼ੋਅ ਪਿਛੇ ਪਾਗਲ ਹੋਏ ਰਹਿੰਦੇ ਹਨ। ਔਰਤਾਂ ਗਹਿਣੇ ਅਤੇ ਕਪੜਿਆਂ ਵਿੱਚ ਹੀ ਉਲਝੀਆਂ ਰਹਿੰਦੀਆਂ ਹਨ। ਇਹ ਰੋਜ਼ਗਾਰ ਮਨੁੱਖਾਂ ਨੂੰ ਖਾਣ ਵਾਲਾ ਬਣ ਗਿਆ ਹੈ, ਭਾਵ ਨੌਜਵਾਨ ਐਕਟਰ ਬਣਨ ਦੇ ਚੱਕਰ ਵਿੱਚ ਹੀ ਵਕਤ ਗੁਆ ਦਿੰਦੇ ਹਨ। ਦਸਵਾਂ ਨਾਕਾਬੰਦੀ' ਲੇਖ/ਕਹਾਣੀ ਵਿੱਚ ਵਿਆਹੁਦਾ ਜ਼ਿੰਦਗੀ ਦੇ ਦੁੱਖਾਂ ਅਤੇ ਸੁੱਖਾਂ ਦਾ ਵਰਣਨ ਹੈ, ਜਿਸ ਵਿੱਚ ਦਰਸਾਇਆ ਗਿਆ ਹੈ, ਮਰਦ ਅਤੇ ਔਰਤ ਦੋਵੇਂ ਇੱਕ ਦੂਜੇ ਦੀ ਨਾਕਾਬੰਦੀ ਕਰਦੇ ਹਨ। ਔਰਤਾਂ ਨੂੰ ਜਦੋਂ ਵੀ ਸਮਾਂ ਮਿਲਦਾ ਹੈ, ਉਹ ਆਪਣੇ ਮਰਦਾਂ ਦੀ ਬਦਖੋਈ ਚੁਗਲੀਆਂ ਕਰਕੇ ਕਰਦੀਆਂ ਹੋਈਆਂ ਮਨ ਪਰਚਾਵਾ ਕਰਦੀਆਂ ਰਹਿੰਦੀਆਂ ਹਨ। ਵਿਆਹ ਬੰਧਨ ਨੂੰ ਆਪਣੀ ਮਜ਼ਬੂਰੀ ਦਸਦੀਆਂ ਹਨ। ਉਹ ਆਪਣੇ ਮਰਦਾਂ ਨੂੰ ਦੂਜੀਆਂ ਔਰਤਾਂ ਦੇ ਆਸ਼ਕ ਸਮਝਦੀਆਂ ਰਹਿੰਦੀਆਂ ਹਨ।

124 ਪੰਨਿਆਂ 250 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਸ਼ਬਦਾਂਜ਼ਲੀ ਪਬਲੀਕੇਸ਼ਨਜ਼ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

ਸੰਪਰਕ ਨਿਰੰਜਣ ਸਿੰਘ ਸੈਲਾਨੀ : 9876228703

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220






# ਸਾਹਿਰ ਲੁਧਿਆਣਵੀ ਦੀ ਸ਼ਾਇਰੀ ਤੇ ਤਲਖ਼ੀਆਂ

**1957 ਵਿੱਚ ਦੁਬਾਰਾ ਫਿਲਮ ਪਿਆਸਾ ਦੇ ਨ.ਗਮੇਂ ਹਿੱਟ ਹੋ ਗਏ।'ਯੇ ਮਹਿਲੋਂ ਯੇ ਤਖ਼ਤੋਂ ਯੇ ਤਾਜੋਂ ਕੀ ਦੁਨੀਆਂ, ਯੇ ਇਨਸਾਂ ਕੇ ਦੁਸ਼ਮਨ ਸਮਾਜੋਂ ਕੀ ਦੁਨੀਆਂ ..'। 1957 ਵਿੱਚ ਹੀ 'ਨਯਾ ਦੌਰ' ਵਿੱਚ ਉਸ ਦੇ ਨ.ਗਮੇ ਸਾਥੀ ਹਾਥ ਬੜ੍ਹਾਨਾ, ਏਕ ਅਕੇਲਾ ਥਕ ਜਾਏਗਾ ਮਿਲ ਕਰ ਬੋਝ ਉਠਾਨਾ ਉਸ ਫਿਲਮ ਦੇ ਥੀਮ ਵਿੱਚ ਬਹੁਤ ਫਿੱਟ ਵੀ ਹੋਇਆ ਤੇ ਬੜਾ ਹਿੱਟ ਹੋਇਆ।'ਉੜੇਂ ਜਬ ਜਬ ਜ਼ੁਲਫੇਂ ਤੇਰੀ ਕੁਵਾਰੀਓਂ ਕਾ ਦਿਲ ਮਚਲੇ', 'ਰੇਸ਼ਮੀ ਸਲਵਾਰ ਕੁਰਤਾ ਜਾਲੀ ਕਾ, ਰੂਪ ਸਹਾ ਨਹੀਂ ਜਾਏ ਨਖ਼ਰੇ ਵਾਲੀ ਕਾ', ਗੀਤਾਂ ਨੇ ਤਹਿਲਕਾ ਮਚਾ ਦਿੱਤਾ ਇਸ ਫਿਲਮ ਦੇ ਪੰਜਾਬੀ ਮੌਸੀਕਾਰ ਸਨ ਓ.ਪੀ. ਨਈਅਰ।ਮਕਬੂਲ ਲੇਖਕ ਕੇਵਲ ਧੀਰ ਨੇ ਲੁਧਿਆਣੇ ਵਿੱਚ 'ਜਸ਼ਨੇ ਸਾਹਿਰ ਸਾਲਾਨਾ ਮੁਸ਼ਾਇਰਾ' ਸ਼ੁਰੂ ਕੀਤਾ।**



**ਡਾ. ਮਨਜੀਤ ਸਿੰਘ ਬੱਲ,**
9872843491

ਤਲਖ਼ੀਆਂ ਤੇ ਸੱਨਾਟਿਆਂ ਭਰੀ ਜ਼ਿੰਦ.ਗੀ ਵਾਲਾ ਜ਼ਹੀਨ ਸ਼ਾਇਰ, ਸਾਹਿਰ ਲੁਧਿਆਣਵੀ, ਭਾਰਤ ਤੇ ਪਾਕਿਸਤਾਨ, ਦੋਹਵਾਂ ਮੁਲਕਾਂ ਦੇ ਸ਼ਹਿਰਾਂ ਵਿੱਚ ਵਿੱਚ ਰਿਆ, ਦੋਹਵਾਂ ਮੁਲਕਾਂ ਦੀਆਂ ਹਕੂਮਤਾਂ ਵੇਖੀਆਂ, ਬਸ਼ਿੰਦਿਆਂ ਦਰਮਿਆਨ ਵਿੱਚ ਰਿਆ ਤੇ ਜੰਗਾਂ ਵੀ ਵੇਖੀਆਂ।ਉਹਦਾ ਮਨ ਬਹੁਤ ਤਲਖ਼ ਰਹਿੰਦਾ ਸੀ।ਜੰਗ ਭਾਵੇਂ ਦੁਨੀਆਂ ਦੇ ਕਿਸੇ ਵੀ ਖਿੱਤੇ ਵਿੱਚ ਹੋਵੇ ਤੇ ਭਾਵੇਂ ਭਾਰਤ-ਪਾਕਿਸਤਾਨ ਦਰਮਿਆਨ ਜਾਂ ਕਿਤੇ ਹੋਰ, ਉਹਨੇ ਆਪਣੇ ਦਿਲ ਦੀ ਆਵਾਜ਼, ਕਲਮ ਦੇ ਜ਼ਰੀਏ ਕਾ.ਗਜ਼ 'ਤੇ ਇੰਜ ਉਤਾਰੀ: ,

ਖ਼ੂਨ ਅਪਨਾ ਹੋ ਯਾ ਪਰਾਯਾ ਹੋ, ਨਸਲੇ
ਆਦਮ ਕਾ ਖ਼ੂਨ ਹੈ ਆਖ਼ਰ;
ਜੰਗ ਮ.ਗਰਿਬ ਮੇਂ ਹੋ ਕਿ ਮਸ਼ਰਿਕ ਮੇਂ,
ਅਮਨੇ ਆਲਮ ਕਾ ਖ਼ੂਨ ਹੈ ਆਖ਼ਰ।
ਬੰਮ ਘਰ ਪਰ ਗਿਰੇਂ ਕਿ ਸਰਹੱਦ ਪਰ, ਰੂਹੇ
ਤਾਮੀਰ ਜ਼ਖ਼ਮ ਖਾਤੀ ਹੈ;
ਖੇਤ ਅਪਨੇ ਜਲੇਂ ਯਾ ਔਰੋਂ ਕੇ, ਜ਼ੀਸਤ
ਫ਼ਾਕੋਂ ਸੇ ਤਿਲਮਿਲਾਤੀ ਹੈ।
ਟੈਂਕ ਆਗੇ ਬੜ੍ਹੇ ਕਿ ਪੀਛੇ ਹਟੇਂ, ਕੋਖ
ਧਰਤੀ ਕੀ ਬਾਂਝ ਹੋਤੀ ਹੈ।
ਫਤਹਿ ਕਾ ਜਸ਼ਨ ਹੋ ਕਿ ਹਾਰ ਕਾ ਸੋਗ,
ਜ਼ਿੰਦ.ਗੀ ਮੱਈਯਤੋਂ ਪੇ ਰੋਤੀ ਹੈ।
ਇਸ ਲੀਏ ਐ ਸ਼ਰੀਫ਼ ਇਨਸਾਨੋਂ, ਜੰਗ
ਟਲਤੀ ਰਹੇ ਤੋ ਬਿਹਤਰ ਹੈ,
ਆਪ ਔਰ ਹਮ ਸਬੀ ਕੇ ਆਂਗਨ ਮੇਂ ਸ਼ਮਾ
ਜਲਤੀ ਰਹੇ ਤੋ ਬਿਹਤਰ ਹੈ।

ਘੱਟ ਬੋਲਣ ਵਾਲੇ ਤੇ ਸ਼ਰਮੀਲੇ ਸ਼ਾਇਰ, ਸਾਹਿਰ ਲੁਧਿਆਣਵੀ ਦੀ ਪੈਦਾਇਸ਼ 8 ਮਾਰਚ 1921 ਨੂੰ ਇੱਕ ਅਮੀਰ ਮੁਸਲਿਮ ਗੁੱਜਰ ਖ਼ਾਨਦਾਨ ਵਿੱਚ , ਅੱਬਾ ਚੌਧਰੀ ਫ਼ਜ਼ਲ ਅਹਿਮਦ ਤੇ ਅੰਮੀ ਸਰਦਾਰ ਬੇ.ਗਮ ਦੇ ਘਰ ਲੁਧਿਆਣਾ ਵਿਖੇ ਹੋਈ ਸੀ।ਉਹਦਾ ਬਚਪਨ ਦਾ ਨਾਮ ਅਬਦੁਲ ਹਈ ਸੀ।ਅਬਦੁਲ (ਸਾਹਿਰ) ਅਜੇ ਛੇਆਂ ਕੁ ਮਹੀਨਿਆਂ ਦਾ ਸੀ ਜਦ ਅਮੀਰ ਤੇ ਗਾਲ਼ੀ ਗਲੋਚ ਕਰਨ ਵਾਲੇ ਬਾਪ ਦੀਆਂ ਜ਼ਿਆਦਤੀਆਂ ਕਰਕੇ ਬੱਚੇ ਸਮੇਤ ਮਾਂ ਨੂੰ ਅਲੱਗ ਹੋਣਾ ਪਿਆ। ਬਾਪ ਨੇ 1934 ਵਿੱਚ ਉਹਨੇ ਦੂਜਾ ਵਿਆਹ ਕਰਵਾ ਲਿਆ।ਤੰਗੀਆਂ ਤੁਰਸ਼ੀਆਂ ਦਰਮਿਆਨ ਅਬਦੁਲ, ਪਹਿਲਾਂ ਲੁਧਿਆਣੇ ਦੇ ਖ਼ਾਲਸਾ ਹਾਈ ਸਕੂਲ ਵਿੱਚ ਪੜ੍ਹਿਆ ਤੇ ਉਸਤੋਂ ਬਾਅਦ ਉਹਨੇ ਗੌਰਮਿੰਟ ਕਾਲਜ ਲੁਧਿਆਣਾ ਵਿੱਚ ਦਾਖ਼ਲਾ ਲਿਆ।ਕਾਲਜ ਵਿੱਚ ਹੀ ਉਹ .ਗਜ਼ਲਾਂ ਤੇ ਨਜ਼ਮਾਂ ਸੁਨਾਉਣ ਵਾਸਤੇ ਕਾਫੀ ਮਸ਼ਹੂਰ ਹੋ ਗਿਆ ਸੀ।ਸਾਹਿਰ ਦੀ ਜ਼ਿੰਦ.ਗੀ ਤਲਖੀਆਂ ਨਾਲ ਭਰੀ ਪਈ ਸੀ। ਤਲਖ਼ੀਆਂ ਉਹਦੀ ਇੱਕ ਮਕਬੂਲ ਉਰਦੂ ਸ਼ਾਇਰੀ ਦੀ ਕਿਤਾਬ ਦਾ ਨਾਮ ਵੀ ਹੈ।ਤੰਗੀਆਂ ਤੁਰਸ਼ੀਆਂ ਨੇ ਉਹਨੂੰ ਸਾਰੀ ਉਮਰ ਘੇਰੀ ਰੱਖਿਆ।ਪਾਕਿਸਤਾਨੀ ਸ਼ਾਇਰ ਅਹਿਮਦ ਰਾਹੀ ਨੇ ਠੀਕ ਕਿਹਾ ਸੀ ਕਿ ਸਾਹਿਰ ਨੇ ਪੂਰੀ ਜ਼ਿੰਦ.ਗੀ ਸਿਰਫ਼ ਇੱਕ ਹੀ ਪਿਆਰ ਕੀਤਾ, ਓਹ ਪਿਆਰ ਸੀ ਉਹਦੀ ਮਾਂ ਦੇ ਨਾਲ।ਅਦਬ ਤੇ ਸ਼ਾਇਰੀ ਦੀਆਂ ਘਾਗ ਸ਼ਖ਼ਸ਼ੀਅਤਾਂ ਮੁਨੀਰ ਨਿਆਜ਼ੀ, ਅਹਮਦ ਰਾਹੀ, ਸਾਹਿਰ ਲੁਧਿਆਣਵੀ, ਇਬਨੇ ਇਨਸ਼ਾ ਤੇ ਨਾਸਿਰ ਕਾਜ਼ਮੀ ਗੂੜ੍ਹੇ ਦੋਸਤ ਸਨ।1943 ਵਿੱਚ ਲੁਧਿਆਣੇ ਤੋਂ ਲਾਹੌਰ ਜਾ ਕੇ ਉਸਨੇ ਦਿਆਲ ਸਿੰਘ ਕਾਲਜ ਵਿੱਚ ਦਾਖ਼ਲਾ ਲੈ ਲਿਆ।ਉਥੇ ਉਹ ਤਾਲਿਬੇ ਇਲਮਾਂ ਦੀ ਫੈਡਰੇਸ਼ਨ ਦਾ ਸਦਰ ਚੁਣਿਆਂ ਗਿਆ।ਮੁਆਸ਼ਰੇ ਦੇ ਸਿਆਸੀ ਤੇ ਵਿਤੀ ਸਮੱਸਿਆਵਾਂ ਬਾਰੇ ਸਾਹਿਰ, ਜਵਾਨੀ ਵਿੱਚ ਹੀ ਜਾਣਕਾਰੀ ਰੱਖਦਾ ਸੀ।ਉਹ ਤਾਲਿਬੇ ਇਲਮਾਂ ਦੀਆਂ ਤਹਿਰੀਕਾਂ, ਰੈਲੀਆਂ, ਮੁਜ਼ਾਹਰਿਆਂ ਵਿੱਚ ਹਿੱਸਾ ਲੈਂਦਾ ਸੀ ਤੇ ਤਕਰੀਰਾਂ ਕਰਦਾ ਸੀ।ਪਰ ਕੁਝ ਦੇਰ ਬਾਅਦ ਉਹਨੇ ਕਾਲਜ ਛੱਡ ਦਿੱਤਾ ਤੇ ਅਦਬੇ ਲਤੀਫ਼, ਸ਼ਾਹਕਾਰ ਤੇ ਸਵੇਰਾ ਵਰਗੇ ਉਰਦੂ ਰਸਾਲਿਆਂ ਦਾ ਐਡੀਟੋਰੀਅਲ ਸਟਾਫ ਬਣ ਗਿਆ।ਲਾਹੌਰ ਵਿੱਚ ਉਹ ਕਮਿਊਨਿਸਟ ਪਾਰਟੀ ਪ੍ਰੋਗ੍ਰੈਸਿਵ ਰਾਇਟਰਜ਼ ਤਨਜ਼ੀਮ ਮੈਂਬਰ ਸੀ।ਅਬਦੁਲ (ਸਾਹਿਰ) ਨੂੰ ਸ਼ਇਰੀ ਲਿਖਣ ਤੇ ਪੜ੍ਹਨ ਦਾ ਦਾ ਸ਼ੌਂਕ ਸ਼ੁਰੂ ਤੋਂ ਹੀ ਸੀ।ਉਸਨੇ ਮੌਲਾਨਾ ਫੈਜ਼ ਹਰਿਆਣਵੀ ਦੇ ਮਾਤਹਿਤ ਉਰਦੂ ਤੇ ਫ਼ਾਰਸੀ ਜ਼ੁਬਾਨਾਂ 'ਚ ਮੁਹਾਰਤ ਹਾਸਲ ਕੀਤੀ।ਅੱਲਾਮਾ ਇੱਕ ਬਾਲ ਦੇ ਇੱਕ ਸ਼ੇਅਰ, ਇਸ ਚਮਨ ਮੇਂ ਹੋਂਗੇ ਪੈਦਾ ਬੁਲਬੁਲੇ ਸ਼ੈਰਾਜ਼ ਭੀ, ਸੈਂਕੜੋਂ ਸਾਹਿਰ ਭੀ ਹੋਂਗੇ ਸਾਹਿਬੇ ਐਜਾਜ਼ ਭੀ , ਵਿੱਚੋਂ 'ਸਾਹਿਰ' ਲਫ਼ਜ਼ ਉਹਦੇ ਧਿਆਨ ਗੋਚਰ ਆਇਆ ਜਿਸ ਦੇ ਮਾਅਨੇ ਹਨ 'ਰੌਸ਼ਨ ਦਿਮਾ.ਗ/ਜਾਦੂਗਰ'।ਸੋ ਅਬਦੁਲ ਨੇ ਆਪਣਾ ਕਲਮੀ ਨਾਮ ਸਾਹਿਰ ਲੁਧਿਆਣਵੀ ਰੱਖ ਲਿਆ।ਉਹਨੇ ਉਰਦੂ ਤੇ ਹਿੰਦੀ ਵਿੱਚ ਸ਼ਾਇਰੀ ਕੀਤੀ ਤੇ ਬਾਲੀਵੁੱਡ ਦੀਆਂ ਬਹੁਤ ਸਾਰੀਆਂ ਫਿਲਮਾਂ ਵਾਸਤੇ ਨ.ਗਮੇਂ ਲਿਖੇ।1947 ਦੇ ਮੁਲਕ ਦੇ ਵੰਡ ਤੇ ਪਾਕਿਸਤਾਨ ਬਨਣ ਵੇਲੇ ਉਹ ਲਾਹੌਰ ਵਿੱਚ ਹੀ ਸੀ।ਨਵੇਂ ਪਾਕਿਸਤਾਨ ਵਿੱਚ ਹਕੂਮਤ ਦੀਆਂ ਵਧੀਕੀਆਂ ਦੇ ਖ਼ਿਲਾਫ਼, ਲੁਧਿਆਣਵੀ ਨੇ 'ਆਵਾਜ਼-ਏ-ਆਦਮ' ਅਨੁਵਾਨ ਨਾਲ ਇੱਕ ਬੇਹੱਦ ਇਨਕਲਾਬੀ ਤੇ ਜੋਸ਼ੀਲੀ ਨਜ਼ਮ ਲਿਖੀ ਜੋ ਉਸ ਨੇ ਲਾਹੌਰ 'ਚ ਇੱਕ ਮੁਜ਼ਾਹਰੇ ਵਿੱਚ ਪੜ੍ਹੀ।

ਦਬੇਗੀ ਕਬ ਤਲਕ ਆਵਾਜ਼ੇ ਆਦਮ ਹਮ ਭੀ ਦੇਖੇਂਗੇ, ਚਲੋ ਯੂੰ ਹੀ ਸਹੀ ਯੇ ਜੌਰ-ਏ-ਪੈਹਮ ਹਮ ਭੀ ਦੇਖੇਂਗੇ, ਸਹਰ ਕੇ ਦੋਸ਼ ਪਰ ਗੁਲਨਾਰ ਪਰਚਮ ਹਮ ਭੀ ਦੇਖੇਂਗੇ॥ਤੁਮਹੇਂ ਭੀ ਦੇਖਨਾ ਹੋਗਾ ਯੇ ਆਲਮ, ਹਮ ਭੀ ਦੇਖੇਂਗੇ॥ ਗੁਲਨਾਰ ਪਰਚਮ ਯਾਨੀ ਕਿ ਝੂਲਦਾ ਹੋਇਆ ਲਾਲ ਰੰਗ ਦਾ ਇਨਕਲਾਬੀ ਝੰਡਾ ਹਮ ਭੀ ਦੇਖੈਂਗੇ ।ਨਵਾਂ ਪਾਕਿਸਤਾਨ, ਅਮ੍ਰੀਕਾ ਨੂੰ ਇਹ ਯਕੀਨ ਦਵਾਉਣ 'ਚ ਲੱਗਿਆ ਹੋਇਆ ਸੀ ਕਿ ਅਸੀਂ, ਰੂਸ ਵੱਲ ਨਹੀਂ ਅਮ੍ਰੀਕਾ ਵਾਲੇ ਪਾਸੇ ਹੈ।ਇਹ ਮ.ਗਰਬੀ ਮੁਲਕਾਂ ਨੂੰ ਵੀ ਦੱਸਣਾ ਚਾਹੁੰਦਾ ਸੀ ਜਨੂਬੀ ਏਸ਼ੀਆ ਵਿੱਚ ਹੀ ਨਹੀਂ, ਪੂਰੇ ਮਸ਼ਰਿਕੇ ਵੁਸਤਾ ਦਿਦਲਏ ਓਇਸਟ, ਖਿੱਤੇ ਵਿੱਚ ਵੀ ਅਸੀਂ ਤੁਹਾਡੇ ਹੀ ਨਾਲ ਹਾਂ।ਐਸੇ ਮੌਕੇ 'ਤੇ ਪਹਿਲਾਂ ਤਾਂ ਸਾਹਿਰ ਨੇ ਇਹ ਨਜ਼ਮ ਇੱਕ ਮੁਜ਼ਾਹਰੇ ਵਿੱਚ ਪੂਰੇ ਜੋਸ਼ ਨਾਲ ਪੜ੍ਹੀ।ਪਰ ਜਦ ਇਹ ਕਲਾਮ ਛਪਿਆ ਤਾਂ ਉਹਨੂੰ ਪਾਕਿਸਤਾਨ ਸਰਕਾਰ ਵੱਲੋਂ ਗ੍ਰਿਫਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ ਗਏ।ਉਸਨੂੰ ਅਹਿਸਾਸ ਹੋਇਆ ਕਿ ਪਾਕਿਸਤਾਨ ਵਿੱਚ ਰਹਿਣਾ ਠੀਕ ਨਹੀਂ।ਸੋ 1949 ਵਿੱਚ ਉਹ ਲਾਹੌਰ ਛੱਡ ਕੇ ਉਹ ਦਿੱਲੀ ਪਹੁੰਚ ਗਿਆ, ਤੇ ਦੋ ਮਹੀਨੇ ਬਾਅਦ ਬੰਬਈ।ਉਥੇ ਅੰਧੇਰੀ ਇਲਾਕੇ ਵਿੱਚ ਕਵੀ .ਗੁਲਜ਼ਾਰ ਤੇ ਉਰਦੂ ਦੇ ਲੇਖਕ ਕ੍ਰਿਸ਼ਨ ਚੰਦਰ ਉਹਦੇ ਗਵਾਂਢੀ ਸਨ।ਫਿਲਮ ਨਗਰੀ ਵਿੱਚ ਨ.ਗਮਾ ਨਿ.ਗਾਰ ਵੱਜੋਂ ਕਿਸਮਤ ਅਜਮਾਈ ਤੇ ਪੂਰੀ ਕਾਮਯਾਬੀ ਹਾਸਲ ਕੀਤੀ।1970



ਵਿੱਚ ਉਹਨੇ ਵਿੱਚ ਆਪਣਾ ਬੰਗਲਾ ਪ੍ਰਛਾਈਆਂ ਬਣਵਾਇਆ ਤੇ ਆਪਣੀ ਮੌਤ ਤੱਕ ਉਸੇ ਘਰ ਵਿੱਚ ਹੀ ਰਿਹਾ।

ਲਾਹੌਰ 'ਚ ਉਹ ਕਮਿਊਨਿਸਟ ਪਾਰਟੀ ਵਿੱਚ ਪ੍ਰੋਗ੍ਰੈਸਿਵ ਰਾਇਟਰਜ਼ ਤਨਜ਼ੀਮ ਦਾ ਮੈਂਬਰ ਸੀ।ਬਾਲੀਵੁੱਡ ਦਾ ਇੱਕ ਵਕਤ ਸੀ ਜਦ ਸ਼ਾਇਰੀ ਤੇ ਸੰਜੀਦਾ ਮਾਇਨਿਆਂ ਵਾਲੇ ਗੀਤ / ਕੱਵਾਲੀਆਂ ਦੇ ਬੋਲਾਂ ਵਾਲੀਆਂ ਫਿਲਮਾਂ ਬਣਦੀਆਂ ਸਨ।ਇਹ ਫਿਲਮਾਂ ਬਹੁਤ ਕਾਮਯਾਬ ਰਹੀਆਂ ਜਿੰਨ੍ਹਾਂ ਵਿੱਚ ਮਨੋਰੰਜਨ ਵੀ ਸੀ, ਲੋਕਾਂ ਦੀ ਦਿਲਚਸਪੀ ਵੀ ਸੀ ਤੇ ਕਮਾਈ ਵੀ ਚੰਗੀ ਹੁੰਦੀ ਸੀ ਜਿਵੇਂ ਬਰਸਾਤ ਕੀ ਰਾਤ, .ਗਜ਼ਲ, ਪਿਆਸਾ, ਮੇਰੇ ਮਹਿਬੂਬ, ਕਭੀ ਕਭੀ ਵ.ਗੈਰਾ।ਇਹਨਾਂ ਫਿਲਮਾਂ ਵਿੱਚ ਹੀਰੋ ਜਾਂ ਹੀਰੋਇੰਨ ਜਾਂ ਦੋਵੇਂ, ਸ਼ਾਇਰ ਹੁੰਦੇ ਸਨ ਤੇ ਸ਼ਾਇਰੀ ਦੇ ਮੁਕਾਬਲੇ ਹੁੰਦੇ ਸਨ।ਇਹਨਾਂ ਦੇ ਨ.ਗਮੇਂ ਅੱਜ ਵੀ ਜ਼ਿੰਦਾ ਹਨ ਤੇ ਲੋਗ ਇਹਨਾਂ ਦੇ ਦੀਵਾਨੇ ਹਨ।

ਜਿਵੇਂ: ਸੁਰਖ਼ ਆਂਚਲ ਕੋ ਦਬਾਅ ਕਰ ਜੋ ਨਿਚੋੜਾ ਉਸ ਨੇ, ਦਿਲ ਪੇ ਜਲਤਾ ਹੂਆ ਇੱਕ ਤੀਰ ਸਾ ਛੌੜਾ ਉਸਨੇ, (ਬਰਸਾਤ ਕੀ ਰਾਤ 1960), ਵੋ ਅ.ਫਸਾਨਾ ਜਿਸੇ ਅੰਜਾਮ ਤੱਕ ਲਾਨਾ ਨਾ ਹੋ ਮੁੰਮਕਿਨ ਉਸੇ ਇੱਕ ਖ਼ੂਬਸੂਰਤ ਮੋੜ ਦੇ ਕਰ ਛੋੜਨਾ ਅੱਛਾ, ਚਲੋ ਕਿ ਬਾਰ ਫਿਰ ਸੇ ! (ਗੁਮਰਾਹ 1963)।ਐਸੀਆਂ ਫਿਲਮਾਂ ਦੇ ਗੀਤਾਂ ਦੇ ਬੋਲ ਆਮ ਕਰਕੇ ਸਾਹਿਰ ਲੁਧਿਆਨਵੀ ਹੀ ਹੁੰਦੇ ਸਨ।

1957 ਵਿੱਚ ਦੁਬਾਰਾ ਫਿਲਮ ਪਿਆਸਾ ਦੇ ਨ.ਗਮੇਂ ਹਿੱਟ ਹੋ ਗਏ।'ਯੇ ਮਹਿਲੋਂ ਯੇ ਤਖ਼ਤੋਂ ਯੇ ਤਾਜੋਂ ਕੀ ਦੁਨੀਆਂ, ਯੇ ਇਨਸਾਂ ਕੇ ਦੁਸ਼ਮਨ ਸਮਾਜੋਂ ਕੀ ਦੁਨੀਆਂ ..'। 1957 ਵਿੱਚ ਹੀ 'ਨਯਾ ਦੌਰ' ਵਿੱਚ ਉਸ ਦੇ ਨ.ਗਮੇ ਸਾਥੀ ਹਾਥ ਬੜ੍ਹਾਨਾ, ਏਕ ਅਕੇਲਾ ਥਕ ਜਾਏਗਾ ਮਿਲ ਕਰ ਬੋਝ ਉਠਾਨਾ ਉਸ ਫਿਲਮ ਦੇ ਥੀਮ ਵਿੱਚ ਬਹੁਤ ਫਿੱਟ ਵੀ ਹੋਇਆ ਤੇ ਬੜਾ ਹਿੱਟ ਹੋਇਆ।'ਉੜੇਂ ਜਬ ਜਬ ਜ਼ੁਲਫੇਂ ਤੇਰੀ ਕੁਵਾਰੀਓਂ ਕਾ ਦਿਲ ਮਚਲੇ', 'ਰੇਸ਼ਮੀ ਸਲਵਾਰ ਕੁਰਤਾ ਜਾਲੀ ਕਾ, ਰੂਪ ਸਹਾ ਨਹੀਂ ਜਾਏ ਨਖ਼ਰੇ ਵਾਲੀ ਕਾ', ਗੀਤਾਂ ਨੇ ਤਹਿਲਕਾ ਮਚਾ ਦਿੱਤਾ ਇਸ ਫਿਲਮ ਦੇ ਪੰਜਾਬੀ ਮੌਸੀਕਾਰ ਸਨ ਓ.ਪੀ. ਨਈਅਰ।ਮਕਬੂਲ ਲੇਖਕ ਕੇਵਲ ਧੀਰ ਨੇ ਲੁਧਿਆਣੇ ਵਿੱਚ 'ਜਸ਼ਨੇ ਸਾਹਿਰ ਸਾਲਾਨਾ ਮੁਸ਼ਾਇਰਾ' ਸ਼ੁਰੂ ਕੀਤਾ।1975 ਵਾਲੇ ਮੁਸ਼ਾਇਰੇ ਵਿੱਚ ਸਾਹਿਰ ਲੁਧਿਆਣਵੀ ਨੇ ਖ਼ੁਦ ਇਸ ਵਿੱਚ ਸ਼ਿਰਕਤ ਕੀਤੀ ਸੀ।ਲੇਖਕ ਉਦੋਂ ਡਾਕਟਰੀ ਦੀ ਪੜ੍ਹਾਈ ਭਭਸ਼ ਦੇ ਆਖ਼ਰੀ ਸਾਲ ਵਿੱਚ ਮੈਡੀਕਲ ਕਾਲਜ ਅੰਮ੍ਰਿਤਸਰ ਵਿੱਚ ਸੀ।ਸਾਹਿਰ ਦੇ, ਲੁਧਿਆਣੇ ਦੌਰੇ ਤੇ ਕਵੀ ਦਰਬਾਰ ਵਿੱਚ ਆਉਣ ਦੀਆਂ ਖ਼ਬਰਾਂ, ਅਖ਼ਬਾਰਾਂ ਵਿੱਚ ਪੜ੍ਹੀਆਂ ਸਨ। ਬਾਕੀ ਸ਼ਾਇਰਾਂ ਦੇ ਨਾਲ ਨਾਲ ਜਦ ਸਾਹਿਰ ਨੂੰ ਵੀ ਖ਼ਰਚੇ/ਮਿਹਨਤਾਨੇ ਵਜੋਂ ਇੱਕ ਲਿਫਾਫ਼ੇ ਵਿੱਚ ਕੁਝ ਰੁਪਏ ਦੇਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹਨੇ ਲਿਫਾਫ਼ਾ ਲੈਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ, ਮੈਂ ਪ੍ਰਾਹੁਣਾ ਨਹੀਂ ਮੇਜ਼ਬਾਨ ਹਾਂ । ਕਾਲਜ ਦੇ ਅਡੀਟੋਰੀਅਮ ਦਾ ਸਾਹਿਰ ਲੁਧਿਆਣਵੀ ਦੇ ਨਾਂ 'ਤੇ ਰੱਖਿਆ ਗਿਆ।

ਕੁੱਲ ਆਲਮ ਦੇ ਉਰਦੂ-ਹਿੰਦੀ ਸਮਝਣ ਵਾਲੇ ਲੋਕ ਇਹ ਜਾਣਦੇ ਹਨ ਕਿ ਫਿਲਮ 'ਬਰਸਾਤ ਕੀ ਰਾਤ' ਦੀ ਸ਼ਾਇਦ ਪਹਿਲੀ ਤੇ ਆਖ਼ਰੀ ਕੱਵਾਲੀ ਹੈ ਜਿਸ ਦੀ ਗੰਗਾ ਜਮਨੀ ਤਹਿਜ਼ੀਬ ਵਾਲੀ ਗੀਤਕਾਰੀ ਦਾ ਘੇਰਾ ਬਹੁਤ ਵਿਸ਼ਾਲ ਹੈ, ਜਿਸ ਦਾ ਨ.ਗਮਾ ਨਿ.ਗਾਰ ਸਾਹਿਰ ਲੁਧਿਆਣਵੀ ਹੈ।ਇਹ ਮੰਨਾ ਡੇਅ, ਆਸ਼ਾ ਭੋਸਲੇ, ਮੁਹੰਮਦ ਰਫ਼ੀ, ਸੁਧਾ ਮਲਹੋਤਰਾ, ਐਸ.ਡੀ. ਬਾਤਿਸ਼ ਗੁਲੂਕਾਰਾਂ ਨੇ ਗਾਈ ਹੈ ਤੇ ਮੌਸਿਕਾਰ ਹੈ ਰੌਸ਼ਨ । ਨਾ ਤੋ ਕਾਰਵਾਂ ਕੀ ਤਲਾਸ਼ ਹੈ ਨਾ ਤੋ ਹਮਸਫ਼ਰ ਕੀ ਤਲਾਸ਼ ਹੈ, ਮੇਰੇ ਸ਼ੌਕੇ ਖ਼ਾਨਾ ਖ਼ਰਾਬ ਕੋ ਤੇਰੀ ਰਹਿ.ਗੁਜ਼ਰ ਕੀ ਤਲਾਸ਼ ਹੈ। ਲੁਧਿਆਣਵੀ, ਵਾਹਿਦ ਇੱਕ ਐਸਾ ਨ.ਗਮਾ ਨਿ.ਗਾਰ ਸੀ ਜਿਸਦੇ ਗਾਣੇ, ਕੱਵਾਲੀ ਵ.ਗੈਰਾ ਦੀ ਰਿਕਾਰਡਿੰਗ ਵੇਲੇ ਕਿਸੇ ਵੀ ਪ੍ਰੋਡਿਊਸਰ ਜਾਂ ਗੁਲੂਕਾਰ ਦੀ ਮਜਾਲ ਨਹੀਂ ਸੀ ਉਸ ਦੇ ਕਲਾਮ ਦਾ ਇੱਕ ਵੀ ਜ਼ੇਰ, ਜ਼ਬਰ ਜਾਂ ਲਫ਼ਜ਼ ਇਧਰ ਉਧਰ ਕਰ ਸਕੇ।

ਸਾਹਿਰ ਦੇ ਮਕਬੂਲ ਨ.ਗਮੇ: ਠੰਢੀ ਹਵਾਏਂ ਲਹਿਰਾ ਕੇ ਆਏਂ, ਜਾਏਂ ਤੋ ਜਾਏਂ ਕਹਾਂ, ਸਾਥੀ ਹਾਥ ਬੜ੍ਹਾਨਾ, ਆਨਾ ਹੈ ਤੋ ਆ, ਔਰਤ ਨੇ ਜਨਮ ਦੀਆ ਮਰਦੋਂ ਕੋ, ਜਾਨੇ ਵੋ ਕੈਸੇ ਲੋਗ ਥੇ ਜਿਨ ਕੇ, ਜਿਨਹੇਂ ਨਾਜ਼ ਹੈ ਹਿੰਦ ਪਰ ਵੋ ਕਹਾਂ ਹੈਂ, ਯੇ ਦੁਨੀਆਂ ਅਗਰ ਮਿਲ ਭੀ ਜਾਏ ਤੋ ਕਿਆ ਹੈ, ਤੂ ਹਿੰਦੂ ਬਨੇਗਾ ਨਾ ਮੁਸਿਲਮਾਨ ਬਨੇਗਾ, ਜ਼ਿੰਦ.ਗੀ ਭਰ ਨਹੀਂ ਭੂਲੇਗੀ ਵੋ ਬਰਸਾਤ ਕੀ ਰਾਤ, ਨਾ ਤੋ ਕਾਰਵਾਂ ਕੀ ਤਲਾਸ਼ ਹੈ, ਮੈਂ ਜ਼ਿੰਦ.ਗੀ ਕਾ ਸਾਥ ਨਿਭਾਤਾ ਚਲਾ ਗਯਾ, ਕਭੀ ਖ਼ੁਦ ਪੇ ਕਭੀ ਹਾਲਾਤ ਪੇ, ਅਭੀ ਨਾ ਜਾਓ ਛੌੜ ਕਰ, ਅੱਲਾਹ ਤੇਰੋ ਨਾਮ ਜੋ ਧਿਆਏ ਸੁਖ ਪਾਏ, ਮਨ ਰੇ ਤੂ ਕਾਹੇ ਨਾ ਧੀਰ ਧਰੇ, ਸੰਸਾਰ ਸੇ ਭਾਗੇ ਫਿਰਤੇ ਹੋ, ਈਸ਼ਵਰ ਅੱਲਾਹ ਤੇਰੇ ਨਾਮ, ਐ ਮੇਰੀ ਜ਼ੋਹਰਾਜ਼ਬੀਂ, ਅਗੇ ਭੀ ਜਾਨੇ ਨਾ ਤੂ, ਹਮ ਜਬ ਸਿਮਟ ਕੇ ਆਪ ਕੀ ਬਾਹੋਂ ਮੇਂ ਆ ਗਏ, ਤੋਰਾ ਮਨ ਦਰਪਣ ਕਹਿਲਾਏ, ਬਾਬੁਲ ਕੀ ਦੁਆਏਂ ਲੇਤੀ ਜਾ, ਚਲਾ ਭੀ ਆ, ਆ ਜਾ ਰਸੀਆ, ਨਾ ਤੂ ਜ਼ਮੀਂ ਕੇ ਲਿਏ, ਮੇਰੇ ਦਿਲ ਮੇਂ ਆਜ ਕਿਆ ਹੈ, ਮੈਂ ਪਲ ਦੋ ਪਲ ਕਾ ਸ਼ਾਇਰ ਹੂੰ ਵ.ਗੈਰਾ ਵ.ਗੈਰਾ।

ਕਿਤਾਬਾਂ: ਖ਼ਵਾਜਾ ਅਹਿਮਦ ਅੱਬਾਸ (ਸ਼ੈਡੋਜ਼ ਸਪੀਕ) ਪਰਛਾਈਆਂ (1958), ਗਾਤਾ ਜਾਏ ਬਨਜਾਰਾ (ਫਿਲਮੀ ਗਾਣਿਆਂ ਦਾ ਮਜਮੂਆ) (1992), ਸੁੱਚਾ ਸਿੰਘ (ਸਾੜ੍ਹੀ 1989), ਹਸਨ ਆਰ. (1977) ਦ ਬਿਟਰ ਹਾਰਵੈਸਟ, ਤੇ ਤਲਖ਼ੀਆਂ, ਸਾਹਿਰ ਲੁਧਿਆਣਵੀ ਕੀ ਸ਼ਾਇਰੀ, ਕਲਾਮੇ ਸਾਹਿਰ ਅੰਗ੍ਰੇਜ਼ੀ ਤਰਜਮੇ ਸਮੇਤ ਮਹਮੂਦ ਕੇ.ਟੀ.2000)

ਫਿਲਮ ਫੇਅਰ ਬੈਸਟ ਨ.ਗਮਾ ਨਿ.ਗਾਰ ਐਜਾਜ਼: ਦੋ ਐਜਾਜ਼ ਹਾਸਲ ਕੀਤੇ।(1) ਫਿਲਮ ਤਾਜ ਮਹਿਲ (1964) ਦੇ ਨ.ਗਮੇ 'ਜੋ ਵਾਅਦਾ ਕੀਆ ਵੋ ਨਿਭਾਨਾ ਪੜੇਗਾ' ਤੇ (2) ਫਿਲਮ ਕਭੀ ਕਭੀ (1976) ਦੇ ਗਾਣੇ 'ਕਭੀ ਕਭੀ ਮੇਰੇ ਦਿਲ ਮੇਂ ਖ਼ਯਾਲ ਆਤਾ ਹੈ ਕਿ ਜੈਸੇ '!

ਸਾਹਿਰ ਲੁਧਿਆਣਵੀ ਤੇ ਅੰਮ੍ਰਿਤਾ ਪ੍ਰੀਤਮ ਦਾ ਮੌਨ ਇਸ਼ਕ: ਉਹ ਦੋਵੇਂ ਪਹਿਲੀ ਵਾਰ 1944 'ਚ, ਗੁਰਬਖ਼ਸ਼ ਸਿੰਘ ਦਵਾਰਾ ਵਸਾਏ ਹੋਏ ਪਿੰਡ ਪ੍ਰੀਤ ਨਗਰ ਵਿੱਚ ਇੱਕ ਮੁਸ਼ਾਹਿਰੇ ਵਿੱਚ ਮਿਲੇ ਤੇ ਅੱਖਾਂ ਚਾਰ ਹੋ ਗਈਆਂ।ਅੰਮ੍ਰਿਤਾ ਦਿੱਲੀ ਤੋਂ, ਤੇ ਸਾਹਿਰ ਲਾਹੌਰ ਤੋਂ ਪੁੱਜਾ ਸੀ।ਉਸ ਵੇਲੇ ਅੰਮ੍ਰਿਤਾ ਦੀ ਪ੍ਰੀਤਮ ਸਿੰਘ ਨਾਲ ਸ਼ਾਦੀ ਹੋ ਚੁੱਕੀ ਸੀ, ਉਹ ਇੱਕ ਨਿਆਣੀ ਉਮਰ ਦਾ ਵਿਅਹ ਸੀ।ਅੰਮ੍ਰਿਤਾ ਇਸ ਵਿਆਹ ਤੋਂ ਖੁਸ਼ ਨਹੀਂ ਸੀ।ਸਾਹਿਰ ਅੰਮ੍ਰਿਤਾ ਦਰਮਿਆਨ (ਲਾਹੌਰ ਤੇ ਦਿੱਲੀ) ਮੁਹੱਬਤਾਂ ਦੀ ਖ਼ਤੋ ਖ਼ਤਾਬਤ ਚਲਦੀ ਰਹੀ ਰਹੀ।ਮੁਲਕ ਵੰਡਿਆ ਗਿਆ ਤੇ ਅੰਮ੍ਰਿਤਾ ਆਪਣੇ ਪ੍ਰੀਤਮ ਨਾਲ ਦਿੱਲੀ ਪੁੱਜ ਗਈ ਤੇ ਬਾਅਦ ਵਿੱਚ ਸਾਹਿਰ ਬੰਬਈ ਚਲੇ ਗਿਆ।ਸਾਹਿਰ ਤੇ ਅੰਮ੍ਰਿਤਾ ਦਾ ਰੁਮਾਂਸ ਤਾਂ ਗੂੜਾ ਸੀ, ਪਰ ਫਾਸਲਿਆਂ ਤੇ ਖ਼ਤੋ ਖ਼ਤਾਬਤ ਵਾਲਾ ਸੀ।ਸਾਹਿਰ ਪ੍ਰੇਮ ਪੱਤਰ ਲਿਖਦਾ ਰਿਹਾ ਪਰ ਉਹ ਫਾਸਲੇ ਖ਼ਤਮ ਨਾ ਕਰ ਸੱਕਿਆ, ਇਸ ਨੂੰ ਜ਼ਾਹਿਰ ਵੀ ਨ ਕਰ ਸੱਕਿਆ।ਪਰ ਅੰਮ੍ਰਿਤਾ ਅਪਣੀਆਂ ਲਿਖਤਾਂ ਵਿੱਚ ਉਸ ਨੂੰ ਮੇਰਾ ਸ਼ਾਇਰ, ਮੇਰਾ ਮਹਿਬੂਬ, ਮੇਰਾ ਖ਼ੁਦਾ ਮੇਰਾ ਦੇਵਤਾ ਕਹਿੰਦੀ ਹੈ।ਆਪਣੀ ਬਾਇਓਗ੍ਰਾਫੀ ਰਸੀਦੀ ਟਿਕਟ ਵਿੱਚ ਅੰਮ੍ਰਿਤਾ ਨੇ ਸਾਰੇ ਰਾਜ਼ ਖੋਹਲ ਦਿੱਤੇ। 'ਜਦ ਕਦੀ ਅਸੀਂ ਮਿਲਦੇ, ਇੱਕੱਠੇ ਬੈਠਦੇ ਸਾਂ ਤਦ ਵੀ ਵਧੇਰੇ ਸਮਾਂ ਸੱਨਾਟਾ ਹੀ ਰਹਿੰਦਾ।ਗੱਲ ਬਾਤ ਘੱਟ ਹੀ ਹੁੰਦੀ ਸੀ।ਉਹ ਲਗਾਤਾਰ ਸਿਗਰਿਟ ਪੀਂਦਾ ਰਹਿੰਦਾ ਤੇ ਉਹਦੇ ਜਾਣ ਤੋਂ ਬਾਅਦ ਉਹਦੇ ਬੁੱਲ੍ਹਾਂ ਦੇ ਛਾਪੇ ਵਾਲੇ ਸਿਗਰਿਟਾਂ ਦੇ ਟੋਟੇ 'ਕੱਠੇ ਕਰਕੇ ਮੈਂ ਆਪਣੇ ਬੁੱਲ੍ਹਾਂ ਵਿੱਚ ਰੱਖ ਕੇ, ਬੁੱਲ੍ਹ ਮੀਚ ਲੈਂਦੀ'। ਇਹ ਮੁਹੱਬਤ ਅੰਮ੍ਰਿਤਾ ਦੀ ਸ਼ਾਇਰੀ ਵਿੱਚ ਵੀ ਉੱਘੜ ਕੇ ਸਾਹਮਣੇ ਆਉਂਦੀ ਹੈ।ਕੁਝ ਸਮਾਂ ਪਹਿਲਾਂ ਸਾਹਿਰ-ਅੰਮ੍ਰਿਤਾ ਦੀ ਮੁਹੱਬਤ ਨੂੰ ਉਜਾਗਰ ਕਰਨ ਵਾਸਤੇ ਇੱਕ ਫਿਲਮ 'ਤੇ ਕੰਮ ਸ਼ੁਰੂ ਕੀਤਾ ਗਿਆ ਸੀ ਜੋ ਅਧੂਰਾ ਹੀ ਪਿਆ ਹੈ।ਸ਼ਾਹਿਰ ਬਾਰੇ ਆਪਣੀ ਕਿਤਾਬ ਵਿੱਚ ਅਕਸ਼ੈ ਮਨਵਾਣੀ ਨੇ ਲਿਖਿਆ ਹੈ, ਅੰਮ੍ਰਿਤਾ ਹੀ ਇੱਕ ਔਰਤ ਸੀ ਜੋ ਸਾਹਿਰ ਨੂੰ ਆਪਣਾ 'ਸਿੰਗਲ ਸਟੇਟਸ' ਛੱਡਣ ਵਾਸਤੇ ਮਨਾ ਸਕਦੀ ਸੀ, ਇੱਕ ਵਾਰ ਸਾਹਿਰ ਨੇ ਖ਼ੁਦ ਆਪਣੀ ਮਾਂ ਨੂੰ ਕਿਹਾ ਸੀ, ਉਹ ਅੰਮ੍ਰਿਤਾ ਸੀ ਨਾ, ਜੋ ਤੇਰੀ ਨੂੰਹ ਬਣ ਸਕਦੀ ਸੀ।

ਕਲ ਔਰ ਆਏਂਗੇ ਨ.ਗਮੋਂ ਕੀ ਖਿਲਤੀ ਕਲੀਆਂ ਚੁਨਣੇ ਵਾਲੇ, ਮੁਝ ਸੇ ਬੇਹਤਰ ਕਹਿਨੇ ਵਾਲੇ ਤੁਮ ਸੇ ਬੇਹਤਰ ਸੁਨਣੇ ਵਾਲੇ।ਮੈਂ ਪਲ ਦੋ ਪਲ ਕਾ ਸ਼ਾਇਰ ਹੂੰ ਪਲ ਦੋ ਪਲ ਮੇਰੀ ਕਹਾਨੀ ਹੈ, ਪਲ ਦੋ ਪਲ ਮੇਰੀ ਹਸਤੀ ਹੈ ਪਲ ਦੋ ਪਲ ਮੇਰੀ ਜਵਾਨੀ ਹੈ। ।

ਜੱਦੋ ਜਹਿਦ, ਤਲਖ਼ੀਆਂ ਤੇ ਸੰਨਾਟੇ ਨਾਲ ਭਰਿਆ, ਛੇ ਫੁੱਟ ਲੰਮਾ ਇਹ ਜ਼ਹੀਨ ਸ਼ਾਇਰ ਸਿਰਫ਼ 59 ਸਾਲਾ ਦੀ ਉਮਰ ਭੋਗ ਕੇ 25 ਅਕਤੂਬਰ 1980 ਨੂੰ ਦਿਲ ਦਾ ਦੌਰਾ ਪੈਣ ਕਰਕੇ ਅਚਾਨਕ ਵਿੱਚ ਮੁੰਬਈ 'ਚ ਇਸ ਫਾਨੀ ਜਹਾਨ ਤੋਂ ਕੂਚ ਕਰ ਗਿਆ।

# ਲੋਕ ਮਨਾਂ 'ਚ ਵਸਦੇ ਖੁੱਲੇ ਅਖਾੜੇ



ਲੇਖਕ ਕਾਲਾ ਸਿੰਘ ਸੈਣੀ,
99882-80386

ਲੋਕ ਗਾਇਕੀ ਕਿਸੇ ਵੀ ਖਿੱਤੇ 'ਚ ਵਸਣ ਵਾਲੇ ਲੋਕਾਂ ਦੀ ਰੂਹ ਦੀ ਖੁਰਾਕ ਹੁੰਦੀ ਹੈ। ਲੋਕ ਗਾਇਕੀ ਉਨ੍ਹਾਂ ਦੇ ਦਿਲਾਂ ਦੀ ਤਰਜਮਾਨੀ ਕਰਦੀ ਹੈ। ਇਹ ਉਨ੍ਹਾਂ ਦੇ ਪਹਿਰਾਵੇ ਖਾਣ-ਪੀਣ,ਰਹਿਣ-ਸਹਿਣ,ਸੱਭਿਆਚਾਰਕ ਅਤੇ ਵਿਰਸੇ ਦੀ ਬਾਤ ਪਾਉਂਦੀ ਅਤੇ ਉਸ ਸੱਭਿਆਚਾਰਕ ਦੀ ਮਹਿਕ ਨੂੰ ਕਾਇਮ ਰੱਖਦੀ ਹੋਈ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਂਦੀ ਹੈ। ਇਹ ਦਿਲਾਂ ਦੇ ਨੇੜੇ ਵਾਲੀ ਧੁਨ ਹੈ। ਜਿਹੜੀ ਗੱਲ ਲੋਕਾਂ ਦੇ ਦਿਲਾਂ ਦੇ ਨੇੜੇ ਹੁੰਦੀ ਹੈ ਇਹ ਸਹਿਜੇ ਹੀ ਬੁੱਲ੍ਹਾਂ 'ਤੇ ਚੜ੍ਹ ਜਾਂਦੀ ਹੈ। ਲੋਕ ਗਾਇਕੀ ਉਹ ਸਤਰੰਗੀ ਪੀਂਘ ਹੈ ਜਿਸ 'ਤੇ ਉਸ ਕਬੀਲੇ ਜਾਂ ਦੇਸ਼ ਦੇ ਲੋਕ ਆਨੰਦ ਮਾਣਦੇ ਹੋਏ ਆਪਣੇ ਸੱਭਿਆਚਾਰ 'ਤੇ ਮਾਣ ਕਰਦੇ ਹਨ। ਇਹ ਮਨੁੱਖ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚ ਨਵਾ ਰੰਗ ਤੇ ਜੋਸ਼ ਭਰਦੀ ਹੈ। ਰੁਜ਼ਗਾਰ ਲਈ ਵਿਦੇਸ਼ਾਂ ਵਿੱਚ ਕੰਮ ਕਰਨ ਵਾਲੇ ਪ੍ਰਦੇਸੀਆਂ ਨੂੰ ਵੀ ਲੋਕ ਗਾਇਕੀ ਆਪਣੀਆਂ ਜੜ੍ਹਾਂ ਨਾਲ ਜੋੜਕੇ ਰੱਖਦੀ ਹੈ। ਉਹ ਜਿੱਥੇ ਵੀ ਜਾਂਦੇ ਹਨ ਆਪਣੇ ਸੱਭਿਆਚਾਰ ਨੂੰ ਲੋਕ ਗਾਇਕੀ ਰਾਹੀ ਹੀ ਦੂਜੇ ਮੁਲਕਾਂ 'ਚ ਹਰਮਨ- ਪਿਆਰਾ ਬਣਾਉਂਦੇ ਹਨ। ਪੰਜਾਬ ਦੀ ਧਰਤੀ ਲੋਕ ਗੀਤਾਂ ਦੀ ਧਰਤੀ ਹੈ। ਇੱਥੋਂ ਦੇ ਲੋਕ ਗੀਤ ਲੋਕ ਮਨਾਂ ਦਾ ਸੱਚਾ ਪ੍ਰਗਟਾਵਾ ਹਨ। ਜੋ ਲੋਕਾਂ ਦੇ ਦਿਲਾਂ 'ਚ ਝਰਨੇ ਦੀ ਤਰ੍ਹਾਂ ਵਗਦੇ ਹਨ। ਚੇਤਿਆਂ 'ਚ ਵਸਦੇ ਗੀਤਾਂ ਦੇ ਬੋਲ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਦੇ ਹਨ।

ਜਿਸ ਤਰ੍ਹਾਂ ਗੀਤ,ਸੰਗੀਤ ਦਾ ਸਫ਼ਰ ਪੱਥਰਾਂ ਦੇ ਤਵਿਆਂ ਤੋਂ ਸ਼ੁਰੂ ਹੋ ਕੇ ਐਲ ਪੀ ਰਿਕਾਰਡ ਤੋਂ ਲੈ ਕੈਸੇਟ ਕਲਚਰ ,ਸੀ.ਡੀ.,ਵੀ.ਸੀ.ਡੀ, ਡੀ ਵੀ ਡੀ,ਪੈੱਨ ਡਰਾਇਵ ਤੋਂ ਅੱਗੇ ਵਧਕੇ ਯੂ ਟਿਯੂਬ ਤੇ ਆ ਪਹੁੰਚਿਆ ਹੈ। ਉਸ ਤਰ੍ਹਾਂ ਹੀ ਹਿੱਕ ਦੇ ਜੋਰ ਨਾਲ ਗਾਉਣ ਵਾਲੀ ਲੋਕ ਗਾਇਕੀ ਦੇ ਖੁੱਲੇ ਅਖਾੜਿਆਂ ਦਾ ਵੀ ਸਫ਼ਰ ਸ਼ਾਨਾਮੱਤਾ ਹੈ। ਜੋ ਸਮੇਂ ਦੇ ਨਾਲ-ਨਾਲ ਸ਼ਾਨਦਾਰ ਲੰਮਾਂ ਪੈਂਡਾ ਤਹਿ ਕਰਦਾ ਹੋਇਆ ਇਸ ਮੁਕਾਮ 'ਤੇ ਪਹੁੰਚਿਆ ਹੈ। ਉਂਝ ਤਾਂ ਅਖਾੜਾ ਗਾਇਕੀ ਦਾ ਆਗਾਜ਼ ਕਰਨ ਵਾਲੀਆਂ 'ਚ ਬਹੁਤ ਸਾਰੇ ਗਾਉਣ ਵਾਲੀਆਂ ਦੀਆਂ ਸੱਥਾਂ 'ਚ ਗੱਲਾਂ ਹੁੰਦੀਆਂ ਹਨ। ਪੁਆਧ ਦੀ ਧਰਤੀ ਦੇ ਜਿਲ੍ਹਾ ਮੋਹਾਲੀ ਦੇ ਪਿੰਡ ਸੋਹਾਣਾ ਦੇ ਜੰਮਪਲ ਅਖਾੜਾ ਗਾਇਕੀ ਦੇ ਮੋਢੀ ਪੁਆਧੀ ਧਰਤੀ ਦਾ ਮਾਣ ਭਗਤ ਆਸਾ ਰਾਮ ਬੈਦਵਾਨ ਸੋਹਾਣਾ ਵਾਲੀਆਂ ਦੀ ਗਾਇਕੀ ਦਾ ਸਫਰ ਦੀਆਂ ਘਰ-ਘਰ ਗੱਲਾਂ ਹੁੰਦੀਆਂ ਹਨ। ਉਨ੍ਹਾਂ ਦੀ ਗਾਇਕੀ ਦੀ ਖਾਸੀਅਤ ਇੱਕ ਰਾਗ,ਡੂੰਘੇ ਅਸਰ ਵਾਲੇ ਸਿੱਧੇ-ਸਾਧੇ ਬੋਲ,ਆਵਾਜ਼ ਵਿੱਚ ਇੱਕ ਕਸ਼ਸ਼ ਅਤੇ ਸ਼ਹਿਦ ਵਰਗੀ ਮਿਠਾਸ ਤੇ ਸੱਚੇ-ਸੁੱਚੇ ਬੋਲਾਂ ਵਾਲੀ ਅਮਰ ਗਾਇਕੀ ਹੈ। ਭਗਤ ਆਸਾ ਰਾਮ ਬੈਦਵਾਨ ਦਾ ਨਾਮ ਉਨ੍ਹਾਂ ਗਾਉਣ ਵਾਲੀਆਂ 'ਚ ਆਉਂਦਾ ਜਿਨ੍ਹਾਂ ਨੇ ਪੈਸੇ ਨੂੰ ਠੋਕਰ ਮਾਰ ਕੇ ਗਾਉਣ ਦੀ ਇਸ ਕਲਾ ਨੂੰ ਸਿੱਖਰਾਂ ਤੱਕ ਪਹੁੰਚਾਉਂਦੇ ਹੋਏ ਗਾਉਣ ਸੁਣਨ ਵਾਲੀਆਂ ਦਾ ਘੇਰਾ ਵਿਸ਼ਾਲ ਕੀਤਾ ਹੈ। ਇਹ ਉਨ੍ਹਾਂ ਦਿਨਾਂ ਦੀਆਂ ਗੱਲਾਂ ਨੇ ਜਦੋਂ ਬਿਨ੍ਹਾਂ ਸਟੇਜ਼ਾਂ ਤੋਂ ਗਾਉਣ ਵਾਲੀਆਂ ਵਲੋਂ ਕਈ - ਕਈ ਦਿਨ ਗਾਉਣ ਸੁਣਾਈਆਂ ਜਾਂਦਾ,ਭਗਤ ਆਸਾ ਰਾਮ ਦੀ ਗਾਇਕੀ ਨੂੰ ਪਿਆਰ ਕਰਨ ਵਾਲੀਆਂ 'ਚ ਸਾਹਿਤਕਾਰ ਤੇ ਅਦਾਕਾਰ ਮੋਹਣੀ ਤੂਰ,-----ਨੇ ਵੱਡਮੁੱਲੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਗਤ ਆਸਾ ਰਾਮ ਵਲੋਂ ਵੀ ਇੱਕੋਂ ਪਿੰਡ ਵਿੱਚ ਕਈ-ਕਈ ਦਿਨ ਗਾਉਣ ਦੇ ਅਖਾੜੇ ਚੱਲਦੇ ਸਨ, ਇਤਿਹਾਸ ਸੁਣਾਉਣ ਦੀਆਂ ਲੜੀਆਂ ਚੱਲਦਿਆਂ ਸਨ, ਲੋਕ ਸ਼ਾਜ ਢੱਡ,ਢੋਲਕੀ ਤੇ ਨੱਚਣ ਵਾਲਾ ਨਚਾਰ ਹੁੰਦਾ,ਰਾਤ ਸਮੇਂ ਮਿਸਾਲਾਂ ਜਗਾਈਆਂ ਜਾਂਦਿਆਂ,6-6 ਫੁੱਟ ਦੇ ਨੌਜ਼ਵਾਨ ਦੇਖਣ ਨੂੰ ਮਿਲਦੇ,ਰਾਸ਼ਨ ਲੋਕੀਂ ਉੱਥੇ ਹੀ ਲੈ ਕੇ ਆਉਂਦੇ ਤੇ ਉੱਥੇ ਹੀ ਲੰਗਰ ਲੱਗਦਾ ਹੁੰਦਾ ਸੀ,ਉੱਥੇ ਹੀ ਸੌਣਾ,ਬਿਨ੍ਹਾਂ ਪੈਸੇ ਤੋਂ ਅਖਾੜੇ ਲਗਾਉਣ ਵਾਲੀ ਰਵਾਇਤ ਨੂੰ ਭਗਤ ਆਸਾ ਰਾਮ ਦੇ ਚੇਲਿਆਂ ਵਲੋਂ ਅੱਗੇ ਤੋਰਿਆ ਹੈ। ਮੀਹਾਂ ਜੱਲਾ ਸੋਢਾਂ ਵਾਲੇ ਵਲੋਂ ਇੱਕ ਰੁਪਏ ਅਖਾੜੇ ਦਾ ਲੈਣ ਵਾਲੀ ਰਵਾਇਤ ਤੋਂ ਬਾਅਦ ਪੈਸੇ ਲੈ ਕੇ ਅਖਾੜੇ ਲਗਾਉਣ ਦੀ ਰਵਾਇਤ ਨੂੰ ਸ਼ੁਰੂ ਹੋਈ। ਪੁਆਧ ਅਖਾੜਾ ਗਾਇਕੀ ਦੇ ਉਸਤਾਦ ਸਵ.ਰੱਬੀ ਬੈਰੋਂਪੁਰੀ ਨੇ ਵੀ ਲੰਮਾਂ ਸਮਾਂ ਲੋਕਾਂ ਨੂੰ ਆਪਣੀ ਗਾਇਕੀ ਨਾਲ ਜੋੜਕੇ ਰੱਖਿਆ। ਮੁਲਾਕਾਤ ਦੌਰਾਨ ਉਹ ਅਕਸਰ ਦੱਸਿਆ ਕਰਦੇ ਸਨ ਕਿ ਉਨ੍ਹਾਂ ਨੇ ਆਪਣੀ ਗਰੁੱਪ ਨਾਲ ਅਖਾੜਾ ਗਾਇਕੀ ਦਾ ਲੰਮਾਂ ਪੈਂਡਾਂ ਤਹਿ ਕਰਦਿਆਂ ਗਾਇਕੀ ਨੂੰ ਸਿੱਖਰਾਂ 'ਤੇ ਪਹੁੰਚਾਇਆ ਹੈ। ਇਸ ਗੱਲ ਵਿੱਚ ਰੱਤੀ ਭਰ ਝੂਠ ਨਹੀਂ ਹੈ। ਭਗਤ ਆਸਾ ਰਾਮ ਅਤੇ ਰੱਬੀ ਬੈਰੋਂਪੁਰੀ ਦੀ ਗਾਇਕੀ ਦੀਆਂ ਗੱਲਾਂ ਅੱਜ ਵੀ ਸੱਥਾਂ ਅੰਦਰ ਹੁੰਦਿਆਂ ਹਨ। ਉਨ੍ਹਾਂ ਨੇ ਵੀ ਕਾਫੀ ਸਮਾਂ ਧਰਤੀ ਤੇ ਅਖਾੜੇ ਲਗਾਉਣ ਤੋਂ ਬਾਅਦ ਉਨ੍ਹਾਂ ਸਟੇਜ਼ਾਂ ਉੱਤੇ ਵੀ ਗਾਇਆ। ਇਹ ਉਨ੍ਹਾਂ ਦਿਨਾਂ ਦੀਆਂ ਗੱਲਾਂ ਨੇ ਜਦੋਂ ਮਿਸਾਲਾਂ ਤੇ ਲਾਲਟੈਣਾਂ ਦੀ ਰੌਸ਼ਨੀ ਇਸ ਤਰ੍ਹਾਂ ਲੱਗਦੀ ਸੀ ਕਿ ਜਿਵੇਂ ਦਿਲਾਂ ਨੂੰ ਟੂੰਬਦੇ ਗੀਤ,ਸੰਗੀਤ ਦੇ ਅੱਗੇ-ਅੱਗੇ ਮਿੰਨਾਂ-ਮਿੰਨਾਂ ਚਾਨਣ ਵੰਡ ਰਹੀ ਹੋਵੇ।

ਅਖਾੜਿਆਂ ਵਿੱਚ ਗਵੰਤਰੀ ਖੜ੍ਹ ਕੇ ਗਾਉਂਦੇ ਤੇ ਲੋਕ ਇਨ੍ਹਾਂ ਦੇ ਚਾਰੇ ਪਾਸੇ ਘੇਰੇ ਵਿੱਚ ਬੈਠ ਕੇ ਸੁਣਦੇ ਸਨ। ਉੱਦੋਂ ਬਿਨ੍ਹਾਂ ਸਾਊਂਡ ਤੋਂ ਗਾਇਕੀ ਦੇ ਅਖਾੜੇ ਲੱਗਦੇ ਸਨ। ਪੰਜਾਂ ਦਰਿਆਂ ਦੀ ਧਰਤੀ,ਗਾਉਂਦਾ ਪੰਜਾਬ, ਗਿੱਧੇ,ਭੰਗੜੇ,ਸੁਹਾਗਾਂ-ਘੋੜਿਆਂ,ਟੱਪੇ ਤੇ ਸਿੱਠਣੀਆਂ ਦੀ ਧਰਤੀ। ਚਿੜੀਆਂ ਦੀ ਚੀਂ..ਚੀ ..ਤੇ ਘੁੱਗੀਆਂ ਦੀ ਘੂੰ..ਘੂੰ.., ਖੂਹਾਂ (ਹਲਟਾਂ) ਤੇ ਬਲਦਾਂ ਦੇ ਗਲਾਂ 'ਚ ਖੜਕਦੀਆਂ ਟੱਲੀਆਂ ਦੀ ਟਣਕਾਰ,ਭਰ ਭਰ ਪਾਣੀ ਲਿਆਉਂਦੀਆਂ ਖੂਹਾਂ ਦੀਆਂ ਟਿੰਢਾ 'ਚ ਛਲਕਦੇ ਛਮ-ਛਮ ਕਰਦੇ ਪਾਣੀਆਂ ਦੀਆਂ ਛੱਲਾਂ ਦੀ ਆਵਾਜ਼ ਦਾ ਮਨਮੋਹਕ ਸੰਗੀਤ, ਮਾਖਿਓ ਮਿੱਠੀ ਪੰਜਾਬੀ ਮਾਂ-ਬੋਲੀ ਦੇ ਸ਼ਬਦਾਂ 'ਚ ਪਰੋਏ ਲੋਕ ਗੀਤਾਂ ਦੇ ਬੋਲਾਂ ਨਾਲ ਸੱਜੀ ਹੋਈ ਕਾਇਨਾਤ ਨੂੰ ਦੇਖਦੇ ਹੋਏ ਸੰਗੀਤ ਫਿਜਾ 'ਚ ਸੁਗੰਧ ਘੋਲਦਾ ਪ੍ਰਤੀਤ ਹੁੰਦਾ। ਕਈ ਦਹਾਕੇ ਬੀਤ ਜਾਣ ਤੋਂ ਬਾਅਦ ਫਿਰ ਗਾਇਕੀ ਤੇ ਅਖਾੜਿਆਂ ਦਾ ਅੰਦਾਜ਼ ਬਦ ਗਿਆ। ਗਾਉਣ ਵਾਲੀਆਂ ਵਲੋਂ ਗੱਡਿਆਂ ਨੂੰ ਜੋੜ ਕੇ ਅਖਾੜੇ ਲੱਗਦੇ ਰਹੇ। ਗਾਉਣ ਦਾ ਇਹ ਰੰਗ ਵੀ ਲੋਕਾਂ ਨੂੰ ਬੇਹੱਦ ਪਸੰਦ ਆਇਆ। ਇਸ ਦੇ ਚੱਲਦੇ-ਚੱਲਦੇ ਫਿਰ ਲੱਕੜ ਦੇ ਤਤਕਪੋਸਾਂ ਨੂੰ ਜੋੜ ਕੇ ਸਟੇਜ਼ ਬਣਾ ਲਈ ਜਾਂਦੀ ਰਹੀ, ਇਸ ਤੋਂ ਅੱਗੇ ਵਧਕੇ ਫਿਰ ਟੈਂਟ ਵਾਲੀਆਂ ਵਲੋਂ ਟੇਬਲ ਜੋੜਕੇ ਬਣਾਇਆਂ ਜਾਂਦੀਆਂ ਸਟੇਜ਼ਾਂ ਤੇ ਅਖਾੜੇ ਲਗਾਉਣ ਦੀ ਸਕੀਮ ਵੀ ਕਾਮਯਾਬ ਹੋਈ। ਸਾਧਗੀ 'ਚ ਰੰਗਾਂ ਲੋਕ ਮਨ ਨੌਜ਼ਵਾਨ,ਬੱਚੇ ਤੇ ਬਜੁਰਗ ਇੱਕਠੇ ਬੈਠਕੇ ਗਾਉਣ ਸੁਣਕੇ ਹਨ। ਟੇਬਲਾਂ ਵਾਲੀਆਂ ਸਟੇਜ਼ਾ ਤੋਂ ਅੱਗੇ ਵਧਕੇ ਵੱਡਿਆਂ ਸਟੇਜ਼ਾਂ ਤੇ ਆਈ ਗਾਇਕੀ ਮਹਿੰਗੀ ਹੋਣ ਕਾਰਨ ਇਸ ਦੀ ਥਾਂ ਡੀ.ਜੇ.ਗਰੁੱਪ ਵਾਲੀਆਂ ਨੇ ਲੈ ਲਈ ਹੈ। ਪਰ ਫਿਰ ਵੀ ਗਾਇਕੀ ਦੇ ਅਖਾੜਿਆਂ ਦਾ ਰੰਗ ਅੱਜ ਵੀ ਗੂੜਾ ਹੈ। ਅੱਜ ਵੀ ਭਗਤ ਆਸਾ ਰਾਮ ਸੋਹਾਣੇ ਵਾਲੀਆਂ ਦੇ ਚੇਲਿਆਂ ਵਲੋਂ ਪਿੰਡਾਂ ਤੇ ਸ਼ਹਿਰਾਂ ਦੀਆਂ ਸੱਥਾਂ ਅੰਦਰ 'ਪੁਆਧੀ ਅਖਾੜੇ ' ਦਿਲਾਂ ਨੂੰ ਟੂਬੰਦੇ ਹਨ। ਉੱਥੇ ਹੀ ਗਾਇਕ ਕਲਾਕਾਰਾਂ ਦੇ ਅਖਾੜੇ ਸੁਣਨ ਵਾਲੇ ਚਹੇਤੇ ਦਰਸ਼ਕਾਂ-ਸਰੋਤਿਆਂ ਦਾ ਘੇਰਾ ਵੀ ਵਿਸ਼ਾਲ ਹੈ।

ਪੰਜਾਬ ਦੀ ਧਰਤੀ ਕਲਾ ਪੱਖੋਂ ਬੜੀ ਜ਼ਰਖੇਜ਼ ਮੰਨੀ ਜਾਂਦੀ ਹੈ। ਇੱਥੋਂ ਦੀ ਕਲਾ ਨੇ ਦੁਨੀਆਂ ਭਰ 'ਚ ਝੰਡੇ ਗੱਡੇ ਹਨ। ਇੱਥੋਂ ਦੇ ਲੋਕ ਸਾਜ ਸੁਣ ਕੇ ਹਰ ਕੋਈ ਮਸਤ ਹੋ ਉੱਠਦਾ ਹੈ। ਅਜਿਹਾ ਹੀ ਬੇਹੱਦ ਮਕਬੂਲ ਸ਼ਾਜ ਹੈ ਤੂੰਬੀ, ਜਿਸ ਦੀ ਟੁਣਕਾਰ ਨੇ ਹਮੇਸ਼ਾਂ ਹੀ ਸਰੋਤਿਆਂ ਦੇ ਦਿਲਾਂ ਨੂੰ ਤਰਬਾਂ ਛੇੜੀਆਂ ਹਨ। ਪੰਜਾਬੀ ਗਾਇਕੀ ਦੇ ਬਾਬਾ ਬੋਹੜ ਉਸਤਾਦ ਲਾਲ ਚੰਦ ਯਮਲਾ ਜੱਟ ਨੇ ਇਸ ਸ਼ਾਨਦਾਰ ਤਰਕੀਬ ਨੇ ਕਲਾ ਦੇ ਖੇਤਰ 'ਚ ਮੀਲ ਪੱਥਰ ਕਾਇਮ ਕੀਤੇ ਹਨ। ਜਦੋਂ ਉਨ੍ਹਾਂ ਨੇ ਤੂੰਬੀ ਨਾਲ 'ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਐਂ' ਗਾਇਆ ਤਾਂ ਹਰ ਕੋਈ ਸੁਣਦਾ ਹੀ ਰਹਿ ਗਿਆ। ਉਸਦਾਤ ਲਾਲ ਚੰਦ ਯਮਲਾ ਜੱਟ ਤੋਂ ਲੈ ਕੇ ਸਟੇਜ਼ਾਂ ਤੇ ਵਿਆਹਾਂ ਅਤੇ ਹੋਰ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਹਰਮਨ ਪਿਆਰੇ ਸੋਲੋ ਤੇ ਦੋਗਾਣਾ ਗਾਇਕ ਜੋੜੀਆਂ ਦੇ ਹਿੱਟ ਗੀਤਾਂ ਨਾਲ ਦਿਲਾਂ ਨੂੰ ਟੂੰਬਦੀ ਗਾਇਕੀ ਅੱਜ ਸਿੱਖਰਾਂ ਨੂੰ ਛੂਹਦੀ ਪ੍ਰਤੀਤ ਹੁੰਦੀ ਹੈ।



ਗੀਤ,ਸੰਗੀਤ ਦੇ ਨਾਲ-ਨਾਲ ਭਾਈਚਾਰਕ ਸਾਂਝ ਦੇ ਪ੍ਰਤੀਕ ਲੋਕ ਗਾਇਕੀ ਦੇ ਅਖਾੜਿਆਂ ਨੂੰ ਪੁਰਾਤਨ ਸਮੇਂ ਤੋਂ ਲੋਕ ਮਨਾਂ ਅੰਦਰ ਦੇਖਣ ਤੇ ਸੁਣਨ ਦਾ ਗੋਡੇ-ਗੋਡੇ ਚਾਅ ਰਿਹਾ ਹੈ। ਆਪਣੇ ਚਹੇਤੇ ਕਲਾਕਾਰ ਦੇ ਅਖਾੜਿਆਂ ਵਿੱਚ ਬੈਠਣ ਲਈ ਲੋਕਾਂ ਵਲੋਂ ਆਪੋ-ਆਪਣੀਆਂ ਘਰਾਂ ਤੋਂ ਪੀੜ੍ਹੀਆਂ,ਪਟੜੇ ਲੈ ਕੇ ਆਉਣਾ, ਬੈਠਣ ਲਈ ਪੱਲੀਆਂ ਤੇ ਫਰਸਾਂ ਦਾ ਇੰਤਜਾਮ ਕਰਨਾ,ਦਰਖਤਾਂ ਦੇ ਟਾਹਣੀਆਂ ਅਤੇ ਟਰੱਕਾਂ ਦੇ ਟੂਲਾਂ ਅਤੇ ਕੋਠਿਆਂ ਤੇ ਬਨੇਰੀਆਂ ਤੇ ਬੈਠਕੇ ਆਪਣੇ ਚਹੇਤੇ ਗਾਇਕ ਜੋੜੀ ਨੂੰ ਗਾਉਂਦਾ ਦੇਖਣ ਤੇ ਸੁਣਨ ਵਾਲੇ ਇੱਕਠਾਂ 'ਚ ਭਾਈਚਾਰਕ ਸਾਂਝ ਵੀ ਦੇਖਣ ਨੂੰ ਮਿਲਦੀ ਰਹੀ ਹੈ। ਪੁਰਾਤਨ ਸਮੇ ਤੋਂ ਹੀ ਆਪਣੇ ਚਹੇਤੇ ਗਾਇਕ ਗਾਇਕਵਾਂ ਦੇ ਸੋਲੋ ਦੇ ਦੋਗਾਣੇ ਗੀਤਾਂ ਨੂੰ ਸੁਣਨ ਵਾਲੀਆਂ ਦਾ ਜਾਨੂੰਨ ਸਿਰ ਚੜ੍ਹ ਬੋਲਦਾ ਰਿਹਾ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਅਖਾੜਾ ਦੇਖਣ ਦੀ ਕਈ-ਕਈ ਦਿਨ ਪਹਿਲਾ ਹੀ ਤਿਆਰੀ ਖਿੱਚ ਲਈ ਜਾਂਦੀ। ਕੱਚੇ ਰਾਹਾਂ ਦੀਆਂ ਕੱਚਿਆਂ ਗੋਹਰਾਂ ਤੇ ਤੁਰੇ ਜਾਂਦੇ ਗੱਡਿਆਂ ਨਾਲ ਉੱਡਦੀ ਮਿੱਟੀ,ਮਿੱਟੀ 'ਚ ਆਉਂਦੀ ਮਹਿਕ,ਲੋਕ ਗਾਇਕੀ ਦੇ ਇਨ੍ਹਾਂ ਅਖਾੜਿਆਂ ਦਾ ਇੱਕਠ ਗੱਡਿਆਂ ਤੋਂ ਸਾਈਲਕਾਂ ਦਾ ਸ਼ਾਨਦਾਰ ਸਫ਼ਰ ਤਹਿ ਕਰਦਾ ਹੋਇਆ ਅਜੋਕੇ ਸਮੇਂ ਅੰਦਰ ਮੋਟਰ ਗੱਡੀਆਂ ਤੱਕ ਆ ਪਹੁੰਚਿਆ ਹੈ।

ਸੰਗੀਤ ਸਾਡੀ ਜ਼ਿੰਦਗੀ ਵਿੱਚ ਖੁਸ਼ੀਆਂ ਦੇ ਰੰਗ ਬਿਖੇਰਦਾ ਹੈ। ਸੰਗੀਤ ਉਦਾਸ ਮਨਾਂ ਨੂੰ ਤ੍ਰੇਲ ਧੋਤੇ ਫੁੱਲਾਂ ਵਾਂਗ ਤ੍ਰਿਪਤ ਕਰ ਦਿੰਦਾ ਹੈ। ਪੁਰਾਤਨ ਗੀਤ,ਸੰਗੀਤ ਨੂੰ ਪਿਆਰ ਕਰਨ ਵਾਲੀਆਂ ਦਾ ਘੇਰਾ ਅੱਜ ਵੀ ਵਿਸ਼ਾਲ ਹੈ। ਗਾਇਕੀ ਦੇ ਮਸ਼ਹੂਰ ਅਖਾੜਿਆਂ ਵਿੱਚ ਲਾਊਡ ਸਪੀਕਰਾਂ ਵਾਲੀਆਂ ਦੀ ਵੀ ਟੌਹਰ ਰਹੀ ਹੈ। ਪੰਜਾਬ ਦੇ ਮਸ਼ਹੂਰ ਲਾਊਡ ਸਪੀਕਰਾਂ (ਹੋਰਨਾਂ) ਵਾਲੀਆਂ ਬਾਰੇ ਪੜ੍ਹਨ ਤੇ ਸੁਣਨ ਨੂੰ ਮਿਲਦਾ ਹੈ। ਇਸ ਤਰ੍ਹਾਂ ਹੀ ਖਰੜ ਦੇ ਅਮਰ ਸਾਊਂਡ ਦਾ ਨਾਂ ਵੀ ਓਪਰਾ ਨਹੀਂ ਹੈ। ਅਮਰ ਸਾਊਂਡ ਖਰੜ ਨੇ ਲੋਕ ਗਾਇਕੀ ਦੇ ਅਖਾੜਿਆਂ ਵਿੱਚਲੇ ਠਾਠਾ ਮਾਰਦੇ ਇੱਕਠ ਨਾਲ ਆਪਣੀ ਟੌਹਰ ਨੂੰ ਵੀ ਕਾਇਮ ਰੱਖਿਆ ਹੋਇਆ ਹੈ। ਅਮਰ ਸਾਊਂਡ ਨੇ ਪੰਜਾਬ ਦੇ ਕਈ ਮਸ਼ਹੂਰ ਦੋਗਾਣਾ ਜੋੜਿਆਂ ਨਾਲ ਪ੍ਰੋਗਰਾਮ ਕਰਦਿਆਂ ਆਪਣਾ ਨਾਮ ਰੌਸ਼ਨ ਕੀਤਾ ਹੈ। ਲੋਕ ਗਾਇਕੀ ਦੇ ਅਖਾੜਿਆਂ ਦੇ ਸ਼ਾਨਦਾਰ ਸਫ਼ਰ ਦੀਆਂ ਪੈੜਾਂ ਨੂੰ ਤਾਜਾ ਕਰਦੇ ਹੋਏ ਅਮਰ ਸਾਊਂਡ ਦੇ ਮਾਲਕ ਸੁਰਿੰਦਰ ਸਿੰਘ ਯਾਦਾਂ ਦੀ ਪਟਾਰੀ ਖੋਲਦੇ ਹੋਏ ਦੱਸਦੇ ਹਨ ਉਹ ਸਮਾਂ ਕਿੰਨਾਂ ਚੰਗਾ ਸੀ ਜਦੋਂ ਕਿ ਗਾਇਕੀ ਦੇ ਅਖਾੜੇ (ਪ੍ਰੋਗਰਾਮ) ਲਈ ਲੋਕ ਸਾਊਂਡ (ਲਾਊਡ ਸਪੀਰਕ) ਦਾ ਸਾਮਾਨ ਲੋਕੀਂ ਗੱਡਿਆਂ ਤੇ ਲੈਣ ਆਇਆ ਕਰਦੇ ਸਨ। ਨਾਲ ਹੀ ਸਾਊਂਡ ਵਾਲ ਨੇ ਬੈਠ ਜਾਣਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਿਨਾਂ ਵਿੱਚ ਸਾਊਂਡ ਦੇ ਸਾਮਾਨ ਵਿੱਚ ਦੋ ਜਾਂ ਤਿੰਨ ਲਾਊਡ ਸਪੀਕਰ, ਐਮਪਲੀ ਫਾਇਰਿਊਟਾਂ,ਲਾਈਟ ਦੀ ਥਾਂ ਤੇ ਜ਼ਿਆਦਾਤਰ ਬੈਟਰੀਆਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ,ਮਾਇਕ,ਮਾਇਕ ਦਾ ਸਟੈਂਡ ਆਦਿ ਹੀ ਹੁੰਦਾ ਸੀ। ਲਾਊਡ ਸਪੀਕਰਾਂ ਨੂੰ ਕੋਠਿਆਂ ਉੱਤੇ ਪਏ ਦੋ ਮੰਜੇ ਜੋੜਕੇ ਸਪੀਕਰ ਲਗਾਏ ਜਾਂਦੇ, ਜਾਂ ਫਿਰ ਦਰਖਤਾਂ ਜਾਂ ਕੋਠਿਆਂ ਦੇ ਬਨੇਰੀਆਂ ਤੇ ਟੰਗ ਦਿੱਤੇ ਜਾਂਦੇ ਸਪੀਕਰ। ਅਜੋਕੇ ਸਮੇਂ ਅੰਦਰ ਸਾਊਂਡ ਦੀ ਨਵੀਂ ਤਕਨੀਕ ਦੇ ਨਾਲ-ਨਾਲ ਗਾਉਣ ਵਾਲਿਆਂ ਦੇ ਵੀ ਅੰਦਾਜ਼ ਬਦਲ ਗਿਆ ਹੈ। ਸ਼ਾਇਦ ਉਹ ਵੇਲਾ ਮੁੜ ਵਾਪਿਸ ਆ ਜਾਵੇ..।

ਪੁਰਾਤਨ ਸਮੇਂ ਤੋਂ ਪੰਜਾਬੀ ਗੀਤ,ਸੰਗੀਤ ਲੋਕ ਮਨਾਂ ਤੇ ਰਾਜ ਕਰਦਾ ਆ ਰਿਹਾ ਹੈ। ਪੰਜਾਬ ਦੀ ਮਿੱਟੀ ਨੂੰ ਮਾਣ ਹੈ ਕਿ ਲੋਕ ਗਾਇਕੀ ਦੇ ਖੂਬਸੂਰਤ ਅਖਾੜਿਆਂ ਦੇ ਆਨੰਦ ਮਾਣਦੇ ਆ ਰਹੇ ਪੰਜਾਬੀਆਂ ਦੇ ਪਿਆਰ ਨੂੰ ਦੇਖਦੇ ਹੋਏ ਸਾਡੇ ਫਿਲਮ ਮੇਕਰਾਂ ਵਲੋਂ ਆਪਣੀਆਂ ਫਿਲਮਾਂ ਨੂੰ ਹਿੱਟ ਕਰਨ ਲਈ ਪੰਜਾਬ ਦੇ ਸ਼ੁਰੀਲੇ ਫ਼ਨਕਾਰਾਂ ਦੇ ਅਖਾੜਿਆਂ ਨੂੰ ਫਿਲਮਾਂ 'ਚ ਫਿਲਮਾਕੇ ਇਸ ਰੰਗ ਨੂੰ ਹੋਰ ਗੂੜ੍ਹਾਂ ਕਰਦੇ ਹੋਏ ਫਿਲਮਾਂ ਨੂੰ ਹਿੱਟ ਕਰ ਦਿਖਾਇਆ ਹੈ। ਜਿਵੇਂ ਕਿ ਲੋਕ ਗਾਇਕ ਦੀਦਾਰ ਸੰਧੂ ਤੇ ਅਮਰ ਨੂਰੀ ਵਲੋ ਗਾਇਆਂ 'ਲੋਕ ਬੋਲੀਆਂ' ਫਿਲਮ ਗੱਭਰੂ ਪੰਜਾਬ ਦਾ, ਸਵ.ਸੁਰਜੀਤ ਬਿੰਦਰਖੀਆ ਦੀ 'ਵਾਰ' ਫਿਲਮ ਬਦਲਾ ਜੱਟੀ ਦਾ, ਸਵ.ਦਿਲਸ਼ਾਦ ਅਖ਼ਤਰ ਵਲੋਂ ਗਾਇਆ 'ਮਿਰਜਾ', ਫਿਲਮ ਅਣਖ ਜੱਟਾਂ ਦੀ ,ਸਵ.ਦੋਗਾਣਾ ਜੋੜੀ ਅਮਰ ਸਿੰਘ ਚਮਕੀਲਾ ਬੀਬਾ ਅਮਰਜੋਤ ਵਲੋਂ ਗਾਇਆ ਗੀਤ 'ਪਹਿਲੇ ਲਲਕਾਰੇ ਨਾਲ ਮੈਂ ਡਰ ਗਈ..',ਫਿਲਮ 'ਪਟੋਲਾ',ਸਵ.ਦਿਲਸ਼ਾਦ ਅਖਤਰ ਤੇ ਸੁਰਜੀਤ ਬਿੰਦਰਖੀਆ ਵਲੋਂ ਗਾਇਆ ਗੀਤ 'ਕਹਿੰਦੇ ਹੁੰਦਾ ਡਾਂਗ ਉੱਤੇ ਡੇਰਾ ਜੱਟ ਦਾ' ਫਿਲਮ 'ਕਚਹਿਰੀ', ਸਵ.ਕੁਲਦੀਪ ਮਾਣਕ ਤੇ ਸੁਖਵੰਤ ਸੁੱਖੀ ਫਿਲਮ 'ਕਬਜਾ',ਗੀਤ 'ਮੈਂ ਪਹਿਲੇ ਤੋੜ ਦੀ ਦਾਰੂ ਵੇਂ ਇੱਕ ਪੈੱਗ ਮੇਰੇ 'ਚ ਲਾਲੇ',ਲਾਭ ਹੀਰਾ ਗੀਤ 'ਸਾਡੇ ਹੁੰਦੇ ਹੱਕ ਨਹੀਂਓ ਕਿਸੇ ਹੋਰ ਨੂੰ ਵੈਲੀ ਅਖਵਾਉਣ ਦਾ' ਫਿਲਮ ਜੋਰਾ 10 ਨੰਬਰੀਆ ਆਦਿ ਫਿਲਮਾਂ ਵਿੱਚ ਫਿਲਮਾਏ ਗੀਤਾਂ ਦੇ ਅਖਾੜੇ ਅੱਜ ਵੀ ਦਿਲਾਂ ਨੂੰ ਛੂਹਦੇ ਪ੍ਰਤੀਤ ਹੁੰਦੇ ਹਨ।

ਵਿਆਹਾਂ-ਸਾਦੀਆਂ 'ਚ ਲੱਗਦੇ ਗਾਇਕੀ ਦੇ ਅਖਾੜਿਆਂ 'ਚ ਜਿੱਥੇ ਫੁੱਲਾਂ ਵਾਂਗ ਖਿੜੇ ਹਸੂ-ਹਸੂ ਕਰਦੇ ਚਿਹਰਿਆਂ ਦੀ ਰੌਣਕ ਦੇਖਣ ਨੂੰ ਮਿਲਦੀ ਹੈ। ਅਖਾੜਿਆਂ ਅੰਦਰ ਤਕਰਾਰ ਬਾਜੀ ਵੀ ਦੇਖਣ ਨੂੰ ਮਿਲਦੀ ਰਹੀ ਹੈ। ਜਿਸ ਦੀ ਗਵਾਹੀ ਲੋਕ ਗਾਇਕ ਮੁਹੰਮਦ ਸਦੀਕ ਦਾ ਗੀਤ 'ਲਾਲਾ ਲਾਲਾ ਹੋ ਗਈ ਅਖਾੜਾ ਗਿਆ ਹਲ ਸੀ,ਘਰੋਂ ਘਰੀਂ ਤੋਰ ਤੇ ਸੁੱਚਾ ਤੇ ਮੱਲ ਸੀ.. ..',। ਗਾਇਕ ਕੁਲਵਿੰਦਰ ਬਿੱਲਾ ਵਲੋ ਗਾਇਆ ਗੀਤ 'ਦੇਖ ਕਿਤੇ ਦੱਬ ਦੀ ਨਾਂ ਘੋੜਾ ਵੇ ਬੰਦੂਕ ਦਾ..', ਆਦਿ ਇਸ ਗੱਲ ਦੀ ਗਵਾਹੀ ਭਰਦੇ ਹਨ। ਉੱਥੇ ਹੀ (ਖੱਦਰ) ਪਿੱਤਲ,ਸਟੀਲ ਦੇ ਗਲਾਸਾਂ ਰਾਹੀ ਓਹਲੇ ਵਿੱਚ ਪੈੱਗ ਲਗਾਉਣ ਦਾ ਸ਼ੌਕ ਆਮ ਤੌਰ 'ਤੇ ਦੇਖਣ ਨੂੰ ਮਿਲਦਾ ਹੈ। ਅਜਿਹੇ ਪ੍ਰੋਗਰਾਮਾਂ 'ਤੇ ਪੈੱਗ ਦੇ ਸ਼ੌਕੀਨਾਂ ਵਲੋਂ ਪੈੱਗ ਲਗਾਉਣਾ ਸ਼ਰਾਬੀ ਹੋਣਾ ਨਹੀਂ ਸਗੋਂ ਮਨੋਰੰਜ਼ਨ ਦੇ ਨਾਲ-ਨਾਲ ਆਪਣੇ -ਆਪਣੇ ਨੂੰ ਠੀਕ ਰੱਖਦੇ ਹੋਏ ਗੱਲਾਂ ਕਰਦੇ ਰਹਿੰਦੇ ਸਨ। ਅਜੋਕੇ ਸਮੇਂ ਅੰਦਰ ਪੈੱਗ ਲਗਾਉਣ ਦੀ ਸੋਚ ਵੱਖਰੀ ਹੈ,ਹੁਣ ਉੱਦੋਂ ਤੱਕ ਪੈੱਗ ਲਗਾਉਣ ਤੋਂ ਹੱਟਦੇ ਜਦੋਂ ਤੱਕ ਗਲ-ਗਲ ਤੱਕ ਨਾ ਪਹੁੰਚ ਜਾਵੇ.. ..।

ਲੋਕ ਗਾਇਕੀ ਲੋਕਾਂ ਦੇ ਦਿਲਾਂ ਦੀ ਗੱਲ ਕਰਦੀ ਹੈ। ਤਵਿਆਂ ਵਾਲੇ ਯੁੱਗ ਤੋਂ ਲੈ ਕੇ ਕੈਸੇਟ ਕਲਚਰ ਤੱਕ ਗੀਤਾਂ ਨੂੰ ਸੁਣਨ ਵਾਲੀ ਰਹੀ ਹੈ। ਫਿਰ ਘਰ -ਘਰ ਕੇਵਲ ਤਾਰ ਪਹੁੰਚ ਗਈ। ਸੁਣਨ ਵਾਲੇ ਗੀਤਾਂ ਦਾ ਵੀਡੀਓ ਫਿਲਮਾਂਕਣ ਕਰਕੇ ਗੀਤ ਵਿੱਚਲੀ ਕਹਾਣੀ ਨੂੰ ਪਰਦੇ 'ਤੇ ਪੇਸ਼ ਕੀਤਾ ਜਾਣ ਲੱਗ ਪਿਆ। ਗਾਇਕੀ ਸੁਣਨ ਦੇ ਨਾਲ-ਨਾਲ ਦੇਖਣ ਵਾਲੀ ਹੋ ਗਈ। ਗਾਇਕ ਵਲੋਂ ਆਪਣੇ ਗੀਤ ਦਾ ਵੀਡੀਓ ਤਿਆਰ ਕਰਕੇ ਦਰਸ਼ਕਾਂ-ਸਰੋਤਿਆਂ ਨੂੰ ਦੇਣਾ ਚੰਗਾ ਸਮਝੀਆ ਜਾਣ ਲੱਗ ਪਿਆ ਹੈ। ਪਰ ਲੋਕ ਗਾਇਕੀ ਦੇ ਅਖਾੜਿਆਂ ਨੂੰ ਪਿਆਰ ਕਰਨ ਵਾਲੇ ਦਰਸ਼ਕਾਂ-ਸਰੋਤਿਆਂ ਦਾ ਕਹਿਣਾ ਹੈ ਕਿ ਜੋ ਸਕੂਨ ਉਨ੍ਹਾਂ ਨੂੰ ਵਿਰਾਸਤੀ ਮੇਲਿਆਂ,ਸੱਭਿਆਚਰਕ ਮੇਲਿਆਂ ਤੇ ਵਿਆਹਾਂ-ਸਾਦੀਆਂ ਰਾਹੀ ਆਪਣੇ ਚਹੇਤੇ ਗਾਇਕੀ ਤੇ ਦੋਗਾਣਾ ਜੋੜੀ ਨੂੰ ਸੁਣਨ ਦਾ ਆਨੰਦ ਆਉਂਦਾ ਹੈ ਉਹ ਗੀਤਾਂ ਦੇ ਵੀਡੀਓ ਫਿਲਮਾਂਕਣ 'ਚ ਨਹੀਂ ਆਉਂਦਾ। ਇਹੋ ਕਾਰਨ ਹੈ ਕਿ ਲੋਕ ਗਾਇਕੀ ਦੇ ਖੁੱਲੇ ਅਖਾੜਿਆਂ ਦੇਖਣ ਤੇ ਸੁਣਨ ਵਾਲੀਆਂ ਦਾ ਘੇਰਾ ਅੱਜ ਵੀ ਵਿਸ਼ਾਲ ਹੈ।

ਪੁਰਾਤਨ ਸਮੇਂ ਤੋਂ ਹੀ ਗੀਤ,ਸੰਗੀਤ ਰੂਹ ਦੀ ਖੁਰਾਕ ਰਿਹਾ ਹੈ। ਉਦਾਸ ਰੂਹਾਂ ਨੂੰ ਤ੍ਰਿਪਤ ਕਰ ਦੇਣ ਵਾਲੇ ਗੀਤ,ਸੰਗੀਤ ਨੇ ਹਮੇਸਾਂ ਹੀ ਲੋਕਾਂ ਦੇ ਦਿਲਾਂ ਦੀ ਗੱਲ ਕੀਤੀ ਹੈ। ਖੁੱਲੇ ਅਖਾੜਿਆਂ ਵਿੱਚਲੀਆਂ ਕੋਠਿਆਂ ਦੇ ਬਨੇਰੇ ਭਰਨ ਵਾਲੀ ਤਸਵੀਰਾਂ ਇਸ ਗੱਲ ਦੀਆਂ ਗਵਾਹ ਹਨ ਕਿ ਜਦੋਂ ਸੋਲੋ ਤੇ ਦੋਗਾਣਾ ਗੀਤਾਂ ਰਾਹੀ ਪਰਿਵਾਰਕ ਰਿਸ਼ਤਿਆਂ ਵਿੱਚਲੇ ਨਿੱਘ ਤੇ ਰਿਸਤਿਆਂ ਵਿੱਚਲੀ ਨੋਕ-ਝੋਕ ਦੀ ਗੱਲ ਕਰਦੇ ਗੀਤਾਂ ਦੇ ਬੋਲ ਜਦੋਂ ਪੰਜਾਬੀ ਦਰਸ਼ਕਾਂ-ਸਰੋਤਿਆਂ ਨੂੰ ਦੇਖਣ ਤੇ ਸੁਣਨ ਨੂੰ ਮਿਲਦੇ ਹਨ ਤਾਂ ਕੋਠਿਆਂ ਦੇ ਬਨੇਰੇ ਭਰ ਜਾਂਦੇ ਹਨ।

ਲੋਕ ਗਾਇਕੀ ਦਾ ਖੂਬਸੂਰਤ ਰੰਗ ਖੁੱਲੇ ਅਖਾੜਿਆਂ 'ਚ ਸਾਡੇ ਪਿੰਡਾਂ ਤੇ ਸ਼ਹਿਰਾਂ ਦੀ ਮਿੱਟੀ ਦੀ ਖੁਸ਼ਬੂ ਆਉਂਦੀ ਹੈ, ਸਾਡੀ ਮਾਂ-ਬੋਲੀ ਦੀ ਮਿੱਠਾਸ ਹੈ। ਸਮੇਂ ਦੇ ਬਦਲਦੇ ਅੰਦਾਜ਼ ਨਾਲ ਗਾਇਕੀ ਦਾ ਇਹ ਰੂਪ ਤਵਿਆਂ ਤੋਂ ਸ਼ੁਰੂ ਹੋ ਕੇ ਯੂਟਿਯੂਬ ਤੱਕ ਆ ਪਹੁੰਚਿਆ ਹੈ। ਹਿੱਕ ਦੇ ਜੋਰ ਨਾਲ ਗਾਉਣ ਵਾਲੀਆਂ ਗਾਇਕ,ਗਾਇਕਾਵਾਂ,ਦੋਗਾਣਾ ਜੋੜਿਆਂ ਦੀ ਬੁਲੰਦ ਆਵਾਜ਼ ਦੀ ਜਾਦੂਮਈ ਆਵਾਜ਼ ਨੇ ਹਮੇਸ਼ਾਂ ਹੀ ਦਰਸ਼ਕਾਂ ਨੂੰ ਕੀਲ ਕੇ ਰੱਖਿਆ ਹੈ। ਅਜੋਕੇ ਸਮੇਂ ਅੰਦਰ ਇਨ੍ਹਾਂ ਅਖਾੜਿਆਂ ਦਾ ਰੰਗ ਲੋਕ ਮਨਾਂ ਅੰਦਰ ਸਤਰੰਗੀਂ ਪੀਂਘ ਦੀ ਤਰ੍ਹਾਂ ਹੈ। ਪੰਜਾਬ ਦੀ ਧਰਤੀ ਦੀ ਸ਼ਾਨ ਲੋਕ ਗਾਇਕੀ ਦੇ ਅਖਾੜੇ ਲੱਗਦੇ ਰਹਿਣ ਤੇ ਮੇਰੇ ਪਿਆਰੇ ਵਤਨ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਰਹੇ ਵੰਡਦੇ .. ..।

# ਐਡਮਿੰਟਨ ਦੇ ਬਜ਼ੁਰਗਾਂ ਦੀ ਸੰਸਥਾ ਨੇ ਸਥਾਪਨਾ ਦਿਵਸ ਮਨਾਇਆ




ਐਡਮਿੰਟਨ (ਸਤੀਸ਼ ਸਚਦੇਵਾ ) ਮਿੱਲਵੁਡ ਕਲਚਰਲ ਸੁਸਾਇਟੀ ਆਫ ਰਿਟਾਇਰਡ ਐਂਡ ਸੈਮੀਂ ਰਿਟਾਇਰਡ ਵੱਲੋਂ ਮਿਤੀ 28 ਮਾਰਚ 2026 ਨੂੰ ਸੁਸਾਇਟੀ ਦਾ 43 ਵਾ ਫਾਊਂਡਿੰਗ ਡੇ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ । ਪ੍ਰੋਗਰਾਮ ਦੀ ਸ਼ੁਰੂਆਤ ਓ ਕੈਨੇਡਾ ਦੇ ਰਾਸਟਰੀ ਗੀਤ ਨਾਲ ਕੀਤੀ ਗਈ । ਇਸ ਤੋਂ ਬਾਅਦ ਜੋ ਕਮੇਟੀ ਮੈਂਬਰ ਸਦੀਵੀ ਵਿਛੋੜਾ ਦੇ ਗਏ ਹਨ ਉਨ੍ਹਾਂ ਨੂੰ ਇੱਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ । ਸੰਸਥਾ ਦੇ ਪ੍ਰਧਾਨ ਸ੍ਰੀ ਸੁਦਾਗਰ ਸਿੰਘ ਜੀ ਵੱਲੋਂ ਸੁਸਾਇਟੀ ਦੁਆਰਾ ਕੀਤੇ ਗਏ ਕੰਮਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ । ਉਨ੍ਹਾਂ ਦੱਸਿਆ ਕਿ ਸੁਸਾਇਟੀ ਦੀ ਸਥਾਪਨਾ 23 ਮਾਰਚ 1983 ਨੂੰ ਕੀਤੀ ਗਈ ਵਿਲੱਖਣਤਾ ਇਹ ਹੈ ਕਿ ਓਦੋਂ ਤੋਂ ਹੁਣ ਤੱਕ ਚੋਣ ਸਰਬਸੰਮਤੀ ਨਾਲ ਹੁੰਦੀ ਰਹੀ ਹੈ ।ਇਸ ਮੌਕੇ ਲਾਡੀ ਸੂਸਾਂ ਵਾਲੇ ਤੇ ਪਵਿੱਤਰ ਸਿੰਘ ਹੋਰਾਂ ਦੇ ਗੀਤਾਂ ਨੇ ਦਰਸ਼ਕਾਂ ਤੇ ਗਹਿਰਾ ਪ੍ਰਭਾਵ ਛੱਡਿਆ । ਜਸਵੀਰ ਕੌਰ ਵੱਲੋਂ ਜਿੱਥੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਉਨ੍ਹਾਂ ਆਜ਼ਾਦੀ ਦੇ ਪ੍ਰਵਾਨਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ।

ਪ੍ਰਧਾਨਗੀ ਮੰਡਲ ਵਿੱਚ ਮੈਂਬਰ ਪਾਰਲੀਮੈਂਟ ਜਗਸ਼ਰਨ ਸਿੰਘ ਮਾਹਲ , ਜਸਵੀਰ ਦਿਓਲ ਐਮ ਐਲ ਏ ,ਕਰਿਸਟੀਨਾ ਗਰੇਅ ਐਮ ਐਲ ਏ , ਗੁਰਤੇਜ ਸਿੰਘ ਬਰਾੜ ਐਮ ਐਲ ਏ ਸ਼ਾਮਿਲ ਸਨ । ਇਸ ਮੌਕੇ ਮੁੱਖ ਮਹਿਮਾਨ ਸ੍ਰੀ ਜਗਜੀਤ ਸਿੰਘ ਸਿੱਧੂ ਜਿਨ੍ਹਾਂ ਦੀ ਉਮਰ 97 ਸਾਲ ਹੈ,ਦੋ ਵਾਰ ਸੁਸਾਇਟੀ ਦੇ ਪ੍ਰਧਾਨ ਰਹਿ ਚੁੱਕੇ ਹਨ, ਨੂੰ ਸਨਮਾਨਿਤ ਕੀਤਾ ਗਿਆ ।ਸੀਨੀਅਰ ਮੈਂਬਰਾਂ ਹਰਭਜਨ ਸਿੰਘ ਅਟਵਾਲ , ਦਿਲਬਾਗ ਸਿੰਘ ਰਾਏ , ਰਾਜਿੰਦਰ ਸਿੰਘ ਸੈਣੀ , ਉਮੇਸ਼ ਕੁਮਾਰ ਜੀ ਨੂੰ ਸੁਸਾਇਟੀ ਪ੍ਰਤੀ ਕੰਮਾਂ ਬਦਲੇ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ । ਰਾਮਾ ਐਰੀ ਜੀ ਜਿਨ੍ਹਾਂ ਮੈਂਬਰਾਂ ਲਈ ਸਨੈਕਸ ਦਾ ਪ੍ਰਬੰਧ ਕੀਤਾ ਉਨ੍ਹਾਂ ਨੂੰ ਵੀ ਸਨਮਾਨਿਤ ਕੀਤਾ ਗਿਆ ।ਮੀਡੀਆ ਅਤੇ ਵੱਖ-ਵੱਖ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਦੇ ਆਏ ਮੈਂਬਰਾਂ ਦਾ ਪੀ ਪੀ ਆਫ ਅਲਬਰਟਾ ਦੇ ਪ੍ਰਧਾਨ ਡਾਕਟਰ ਪੀ ਆਰ ਕਾਲੀਆ ਜੀ ਦਾ ਸਿੱਖ ਫੈਡਰੇਸ਼ਨ ਆਫ ਐਡਮਿੰਟਨ ਵੱਲੋਂ ਸੀਤਲ ਸਿੰਘ ਨੰਨੂਆ ਜੀ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ ।

ਸ਼੍ਰੀ ਸੁਖਦੇਵ ਸਿੰਘ ਬੈਨੀਪਾਲ ਜੀ ਨੇ ਸਟੇਜ ਸੰਚਾਲਨ ਬਹੁਤ ਹੀ ਸ਼ਲਾਘਾਯੋਗ ਢੰਗ ਨਾਲ਼ ਕੀਤਾ । ਅਖੀਰ ਵਿੱਚ ਸੁਸਾਇਟੀ ਦੇ ਵਾਈਸ ਪ੍ਰਧਾਨ ਕ੍ਰਿਸ਼ਨ ਜੌਹਨ ਵੱਲੋਂ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਕੇਕ ਕੱਟਣ ਉਪਰੰਤ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ

# ਐਡਮਿੰਟਨ ਨੇੜੇ ਮਾਰੇ ਗਏ ਬੀਰਿੰਦਰ ਸਿੰਘ ਮਾਮਲੇ ਵਿੱਚ ਇੱਕ ਹੋਰ ਗ੍ਰਿਫ਼ਤਾਰ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਅਲਬਰਟਾ ਸੂਬੇ ਦੇ ਸ਼ਹਿਰ ਐਡਮਿੰਟਨ ਨੇੜਲੇ ਸਹਿਰ ਲੁਡਿਊਕ ਵਿਖੇ ਹਾਈਵੇਅ ਉੱਪਰ ਗੱਡੀ ਵਿੱਚ ਜਾ ਰਹੇ ਨੂੰ ਕਿਸੇ ਹੋਰ ਗੱਡੀ ਵਿੱਚੋਂ ਗੋਲੀ ਮਾਰ ਕੇ ਮਾਰੇ ਗਏ ਭਾਰਤ ਤੋਂ ਆਏ ਅੰਤਰਰਾਸ਼ਟਰੀ ਵਿਦਿਆਰਥੀ ਬੀਰਿੰਦਰ ਸਿੰਘ ਦੇ ਮਾਮਲੇ ਵਿੱਚ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ 23 ਸਾਲਾ Deon Libsekal ਨੂੰ ਦੂਜੇ ਦਰਜੇ ਦੇ ਕਤਲ ਦੇ ਦੋਸ਼ਾਂ ਹੇਠ ਚਾਰਜ ਕੀਤਾ ਹੈ। ਲਿਬਸੇਕਲ ਪਹਿਲਾਂ ਵੀ ਹੀ ਹੋਰ ਮਾਮਲਿਆਂ ਵਿੱਚ ਹਿਰਾਸਤ ਵਿੱਚ ਰਹਿ ਚੁੱਕਿਆ ਹੈ ਅਤੇ ਪਿਛਲੇ ਵੀਰਵਾਰ ਨੂੰ ਉਸਨੂੰ ਐਡਮੰਟਨ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਦੇ ਅਨੁਸਾਰ, ਉਸ ਉੱਤੇ ਪਿਛਲੇ ਸਾਲ ਸਸਕੈਚਵਨ ਵਿੱਚ ਹੋਈ ਇੱਕ ਹੋਰ ਗੋਲੀਬਾਰੀ ਦੇ ਮਾਮਲੇ ਨਾਲ ਵੀ ਸਬੰਧਤ ਦੋਸ਼ ਲਗੇ ਹੋਏ ਹਨ। ਇਸੇ ਮਾਮਲੇ ਵਿੱਚ 18 ਸਾਲਾ Jimmy Gassner ਨੂੰ ਵੀ ਪਹਿਲਾਂ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ, ਜਿਸਨੂੰ ਸਸਕੈਚਵਨ ਦੇ ਕਨੋ ਲੇਕ ਖੇਤਰ ਤੋਂ ਕਾਬੂ ਕੀਤਾ ਗਿਆ ਸੀ । ਗੈਸਨਰ ਉੱਤੇ ਵੀ ਦੂਜੇ ਦਰਜੇ ਦੇ ਕਤਲ ਦਾ ਦੋਸ਼ ਲਾਇਆ ਗਿਆ ਸੀ।



ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220












BHINDER EXTERIORS LTD.
BHINDER EXTERIOR
ਕੁਦਰਤ ਦੀ ਗੜ੍ਹੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com

# ਰਾਣਾ ਰਣਵੀਰ ਦਾ ਨਾਟਕ ਕੈਲਗਰੀ ਵਾਸੀਆਂ ਨੂੰ ਬੰਦੇ ਬਣੋ ਬੰਦੇ ਕਹਿ ਗਿਆ

ਕੈਲਗਰੀ ਵਿਖੇ, ਰਾਣਾ ਰਣਬੀਰ ਦਾ, *ਜਿੰਦਗੀ ਜਿੰਦਾਬਾਦ* ਸ਼ੋਅ ਦੇਖਣ ਤੋਂ ਕੁੱਝ ਅਰਸੇ ਬਾਅਦ, ਇਸ ਵਾਰ 29 ਮਾਰਚ 2026 ਨੂੰ, ਉਸ ਦਾ ਦੂਜਾ ਸ਼ੋਅ *ਬੰਦੇ ਬਣੋ ਬੰਦੇ* ਨਾਟਕ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ ਜੋ ਉਸ ਨੇ ਆਪਣੇ ਕੋ- ਐਕਟਰ ਰਾਜਵੀਰ ਬੋਪਾਰਾਏ ਨਾਲ ਰਲ਼ ਕੇ, ਖੇਡਿਆ। ਪਹਿਲਾਂ ਤਾਂ ਲਗਾਤਾਰ ਹੋ ਰਹੀ ਬਰਫਬਾਰੀ ਵਿੱਚ, ਪਹੁੰਚੇ ਦਰਸ਼ਕਾਂ ਨਾਲ ਖਚਾ ਖੱਚ ਭਰੇ ਹਾਲ ਨੂੰ ਵੇਖ ਕੇ, ਮਨ ਗਦ ਗਦ ਹੋ ਉਠਿਆ। ਦਰਸ਼ਕਾਂ ਦਾ ਉਤਸ਼ਾਹ ਦੇਖ ਕੇ ਇਹ ਭਰੋਸਾ ਹੋ ਗਿਆ, ਕਿ ਸਾਡੇ ਪੰਜਾਬੀ ਕੇਵਲ ਨਾਚ ਗਾਣੇ ਹੀ ਨਹੀਂ ਦੇਖਦੇ, ਸਗੋਂ ਜ਼ਿੰਦਗੀ ਨੂੰ ਸੇਧ ਦੇਣ ਵਾਲੇ, ਇਸ ਤਰ੍ਹਾਂ ਦੇ ਵਧੀਆ ਸ਼ੋਅ ਦੇਖਣ ਲਈ ਵੀ ਹੁੰਮ ਹੁੰਮਾ ਕੇ ਆਉਂਦੇ ਹਨ ਤੇ ਖੁੱਲ੍ਹ ਦਿਲੀ ਨਾਲ ਸਪੌਂਸਰ ਵੀ ਕਰਦੇ ਹਨ।ਇਸ ਨਾਟਕ ਵਿੱਚ ਉਸਨੇ ਸਮਾਜ ਦੀ ਹਰ ਬੁਰਾਈ ਦੇ ਕੌੜੇ ਸੱਚ ਨੂੰ, ਵਿਅੰਗਮਈ ਸ਼ੈਲੀ ਵਿੱਚ, ਕਾਮੇਡੀ ਰਾਹੀਂ, ਦਰਸ਼ਕਾਂ ਦੇ ਅੱਗੇ ਪਰੋਸਣ ਦੀ ਭਰਪੂਰ ਸਫਲ ਕੋਸ਼ਿਸ਼ ਕੀਤੀ। ਦੋ ਘੰਟੇ ਦੇ ਨਾਟਕ ਵਿੱਚ, ਹਰ ਡਾਇਲੌਗ ਤੇ ਦਰਸ਼ਕਾਂ ਵੱਲੋਂ ਮਾਰੀਆਂ ਗਈਆਂ ਤਾੜੀਆਂ ਨੇ ਦੋਹਾਂ ਅਦਾਕਾਰਾਂ ਦੀ ਅਦਾਕਾਰੀ ਉੱਪਰ ਸਫਲਤਾ ਦੀ ਮੋਹਰ ਲਾਈ।ਇਹ ਨਾਟਕ ਉਸ ਬੰਦੇ ਦੇ ਪਰਿਵਾਰ ਦੀ ਕਹਾਣੀ ਬਿਆਨ ਕਰਦਾ ਸੀ, ਜਿਸ ਨੇ ਸਾਰੀ ਜ਼ਿੰਦਗੀ ਘਰ ਵਿੱਚ ਆਪਣੀ ਮਰਜ਼ੀ ਚਲਾਈ, ਬੱਚਿਆਂ ਅਤੇ ਪਤਨੀ ਨੂੰ ਉਸ ਤੇ ਚੱਲਣ ਲਈ ਮਜਬੂਰ ਕੀਤਾ, ਕਿਸੇ ਦੀਆਂ ਭਾਵਨਾਵਾਂ ਦਾ ਖਿਆਲ ਨਹੀਂ ਕੀਤਾ, ਪਰਿਵਾਰ ਦੇ ਜੀਆਂ ਨੂੰ ਕਦੇ ਸਮਾਂ ਨਹੀਂ ਦਿੱਤਾ- ਜਿਸ ਦੇ ਨਤੀਜੇ ਵੱਜੋਂ ਹੌਲੀ ਹੌਲੀ ਸਾਰੇ ਉਸ ਨੂੰ ਛੱਡ ਕੇ ਚਲੇ ਜਾਂਦੇ ਹਨ ਅਤੇ ਉਹ ਇਕੱਲਾ ਕੰਧਾਂ ਨਾਲ ਗੱਲਾਂ ਕਰਨ ਜੋਗਾ ਰਹਿ ਜਾਂਦਾ ਹੈ, ਅਤੇ ਆਪਣੇ ਆਪ ਤੇ- ਪਛਤਾਵਾ ਕਰਦਾ ਹੈ। ਪਰ 'ਅਬ ਪਛਤਾਏ ਕਿਆ ਹੋਤ ਜਬ ਚਿੜੀਆਂ ਚੁਗ ਗਈ ਖੇਤ' ਅਨੁਸਾਰ, ਉਦੋਂ ਕੋਈ ਲਾਭ ਨਹੀਂ ਹੁੰਦਾ। ਇਹ ਨਾਟਕ ਸਮਾਜ ਨੂੰ ਬਹੁਤ ਕੁੱਝ ਸੋਚਣ ਲਈ ਮਜਬੂਰ ਕਰਦਾ ਹੈ। ਨਾਟਕ ਦੇ ਆਖਰੀ ਸੀਨ ਵਿੱਚ, ਜਦੋਂ ਰਾਜਵੀਰ ਬੋਪਾਰਾਏ ਨੇ ਰਾਣਾ ਰਣਬੀਰ ਦੇ ਸਿਰ ਤੇ ਦਸਤਾਰ ਸਜਾਈ, ਤਾਂ ਰਾਣਾ ਰਣਬੀਰ ਵੱਲੋਂ ਦਸਤਾਰ ਦਾ ਮਤਲਬ, ਅਤੇ ਦਸਤਾਰ ਦੇ ਹਰ ਇੱਕ ਇੱਕ ਲੜ ਦੀ ਮਹੱਤਤਾ ਬਾਰੇ ਕੀਤਾ ਗਿਆ ਜ਼ਿਕਰ, ਨਾਟਕ ਦਾ ਸਿਖਰ ਹੋ ਨਿਬੜਿਆ। ਅੰਤ ਤੇ, ਰਾਣਾ ਰਣਬੀਰ ਦਾ ਲਿਖਿਆ ਹੋਇਆ ਗੀਤ- "ਅਸੀਂ ਬੰਦੇ ਬਣਾਂਗੇ" ਚਲਾਇਆ ਗਿਆ, ਜਿਸ ਦੇ ਨਾਲ ਰਾਣੇ ਨੇ ਸਟੇਜ ਤੋਂ ਉਤਰ ਕੇ, ਗਾਉਂਦੇ ਹੋਏ ਦਰਸ਼ਕਾਂ ਨਾਲ ਹੱਥ ਮਿਲਾਏ।



ਹੁਣ ਰਣਵੀਰ ਰਾਣਾ ਦੀ ਗੱਲ ਕਰੀਏ ਤਾਂ 5 ਫੁੱਟ ਇੱਕ ਇੰਚ ਕੱਦ ਵਾਲਾ, ਰਾਣਾ ਰਣਬੀਰ ਮੈਨੂੰ ਉਸ ਦਿਨ ਸਾਡੇ ਸਾਰਿਆਂ ਵਿੱਚ ਖਲੋਤਾ ਸਭ ਨਾਲੋਂ ਕਦਾਵਰ ਦਿਖਾਈ ਦੇ ਰਿਹਾ ਸੀ। ਕੁੱਲ ਦੁਨੀਆਂ ਵਿੱਚ ਵੱਸਦੇ ਪੰਜਾਬੀਆਂ ਦੇ ਦਿਲਾਂ ਉੱਤੇ ਜੇ ਉਹ ਅੱਜ ਰਾਜ ਕਰ ਰਿਹਾ ਹੈ, ਤਾਂ ਇਹ ਉਸਦੀ ਕਿਤਾਬਾਂ ਨਾਲ ਪਾਈ ਦੋਸਤੀ, ਕਲਾ ਪ੍ਰਤੀ ਸਮਰਪਣ ਅਤੇ ਮਿਹਨਤ ਦਾ ਹੀ ਨਤੀਜਾ ਹੈ। ਸਾਨੂੰ ਉਸ ਦੇ ਜੀਵਨ ਤੋਂ, ਨਾਟਕਾਂ ਤੋਂ, ਉਸ ਦੇ ਬੋਲਾਂ ਤੋਂ, ਜ਼ਿੰਦਗੀ ਲਈ ਸੇਧ ਲੈਣ ਦੀ ਜ਼ਰੂਰਤ ਹੈ।

*ਗੁਰਦੀਸ਼ ਕੌਰ ਗਰੇਵਾਲ ਕੈਲਗਰੀ*

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

• Personal Tax Returns
• Corporate Tax Returns
• Bookkeeping
• GST/HST Filing
• Payroll
• WCB Returns
• Tax Planning
• New Business Consultation & Registration
SA SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE Calgary, Alberta T3J 3Z5

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

NE NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

22 ਅਪ੍ਰੈਲ ਲਈ ਵਿਸ਼ੇਸ

# ਪ੍ਰਕਾਸ਼ ਉਤਸਵ : ਸ਼ੋ੍ਮਣੀ ਭਗਤ ਧੰਨਾ ਜੱਟਾ ਜੀ

ਕਵੀ ਅਤੇ ਸ਼ੋ੍ਮਣੀ ਭਗਤ ਧੰਨਾ ਜੱਟ

ਸ਼ੋ੍ਮਣੀ ਭਗਤ ਧੰਨਾ ਜੱਟਾ ਜੀ ਰਾਜਸਥਾਨ ਟਾਂਕ ਇਲਾਕੇ ਦੇ ਧੂਆਨ ਪਿੰਡ ਵਿਖੇ 1415 ਈ. ਨੂੰ ਜੱਟ ਵੰਸ਼ ਵਿਚ ਪੈਦਾ ਹੋਏ। ਅੱਜ ਕਲ ਇਸ ਸਥਾਨ ਵਿਖੇ ਇਕ ਪੁਰਾਤਨ ਖੂਹ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਬਣ ਰਹੀ ਹੈ। ਇਸ ਸਥਾਨ ਦੀ ਸੇਵਾ ਬਾਬਾ ਲੱਖਾ ਸਿੰਘ ਜੀ ਨਿਭਾ ਰਹੇ ਹਨ। ਉਹ ਆਪਣੇ ਸਮੇਂ ਦੇ ਪ੍ਰਸਿੱਧ ਕਵੀ, ਸਮਾਜ ਸੇਵੀ, ਸਮਾਜ ਸੁਧਾਰਕ ਅਤੇ ਕਈ ਭਾਸ਼ਾਵਾਂ ਦੇ ਗਿਆਤਾ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੇ ਚਾਰ ਸ਼ਬਦ ਅੰਕਿਤ ਹਨ। ਇਨ੍ਹਾਂ ਸ਼ਬਦਾਂ ਵਿਚ ਉਨ੍ਹਾਂ ਨੇ ਇਨਸਾਨੀ ਕਦਰਾਂ-ਕੀਮਤਾਂ ਨੂੰ ਮੱਦੇ-ਨਜ਼ਰ ਰੱਖ ਕੇ ਬਹੁਤ ਹੀ ਖ਼ੂਬਸੂਰਤ ਤੇ ਪ੍ਰਭਾਵਸ਼ਾਲੀ ਅਲੰਕਾਰ, ਪ੍ਰਤੀਕ ਅਤੇ ਬਿੰਬ (ਤਸ਼ਬੀਹਾਂ) ਦਾ ਇਸਤੇਮਾਲ ਕੀਤਾ ਹੈ।ਹਰ ਮਨੁੱਖ ਵਿੱਚ ਇਕ ਐਸੀ ਜੋਤ ਹੈ, ਜੇ ਉਹ ਪ੍ਰਜਵਲਿਤ ਹੋ ਜਾਵੇ ਤਾਂ ਉਹ ਜਿਸ ਤਰ੍ਹਾਂ ਦੀ ਵੀ ਪ੍ਰਾਪਤੀ ਚਾਹਵੇ ਪਾ ਸਕਦਾ ਹੈ ਪਰ ਇਸ ਜੋਤ ਨੂੰ ਜਗਾਉਣ ਲਈ ਸ਼ੁੱਧ ਆਦਤਾਂ, ਸ਼ੁੱਧ ਆਚਰਣ, ਈਮਾਨਦਾਰੀ, ਮਿਹਨਤ, ਲਗਨ, ਭਗਤੀ, ਸਾਧਨਾ, ਪ੍ਰੇਰਣਾ, ਸੰਕਲਪ ਸ਼ਕਤੀ, ਇੱਛਾ ਸ਼ਕਤੀ ਅਤੇਇਕਾਗਰਤਾ ਦੀ ਲੋੜ ਹੁੰਦੀ ਹੈ। ਜਦੋਂ ਇਕਾਗਰ ਚਿੱਤ ਹੋ ਕੇ ਨਿਸ਼ਕਾਮਤਾ ਨਾਲ ਮਿਹਨਤ ਕਰੇ ਤਾਂ ਉਸ ਮਿਹਨਤ ਦੀ ਮੰਜ਼ਿਲ ਦੀ ਪ੍ਰਾਪਤੀ ਵਿਚ ਪ੍ਰਤੱਖ ਰੂਪ ਵਿਚ ਭਗਵਾਨ ਹੀ ਦਰਸ਼ਨ ਦੇ ਦਿੰਦੇ ਹਨ ਭਾਵ ਕਿ ਜਿਸ ਮੰਜ਼ਿਲ ਦੀ ਪ੍ਰਾਪਤੀ ਲਈ ਤੁਸੀਂ ਇਕਾਗਰਚਿੱਤ ਹੋ ਕੇ, ਦੁਨੀਆਂ ਦੇ ਧੰਦੇ ਵਿਕਾਰ ਛੱਡ ਕੇ ਮਿਹਨਤ-ਭਗਤੀ ਕੀਤੀ ਉਸ ਮੰਜ਼ਿਲ ਦੀ ਪ੍ਰਾਪਤੀ ਹੀ ਪਰਮਾਤਮਾ ਦੀ ਪ੍ਰਾਪਤੀ ਹੈ। ਸ਼ੋ੍ਮਣੀ ਭਗਤ ਧੰਨਾ ਜੱਟ ਜੀ ਦੀ ਪ੍ਰਾਪਤੀ ਵੀ ਕੁਝ ਇਸ ਤਰ੍ਹਾਂ ਹੀ ਹੈ। ਉਸ ਸਮੇਂ ਮੂਰਤੀ ਨੂੰ ਕੇਂਦਰ-ਬਿੰਦੂ ਮੰਨ ਕੇ ਇਕਾਗਰਤਾ ਦੀ ਮੰਜ਼ਿਲ ਵੱਲ ਜਾਇਆ ਜਾਂਦਾ ਹੈ। ਭਗਤ ਧੰਨਾ ਜੀ ਦੀ ਜੀਵਨ ਸ਼ੈਲੀ ਵੀ ਕੁਝ ਇਸ ਤਰ੍ਹਾਂ ਦੇ ਪ੍ਰਸੰਗ ਨਾਲ ਜੁੜੀ ਹੋਈ ਹੈ। ਮੁੱਖ ਰੂਪ ਵਿੱਚ ਉਹ ਪ੍ਰਸਿੱਧ ਕਵੀ, ਪ੍ਰਚਾਰਕ, ਸਮਾਜ ਸੁਧਾਰਕ ਹੋਏ ਹਨ ਪਰ ਉਨ੍ਹਾਂ ਦੇ ਜੀਵਨ ਨਾਲ ਕਈ ਦੰਦ-ਕਥਾਵਾਂ ਜੁੜੀਆਂ ਹੋਈਆਂ ਹਨ।

ਸ਼ੋ੍ਮਣੀ ਭਗਤ ਧੰਨਾ ਜੱਟ ਜੀ ਜਿਮੀਂਦਾਰ ਕਿਰਸਾਨੀ ਪਰਿਵਾਰ ਨਾਲ ਸੰਬੰਧ ਰੱਖਦੇ ਸੀ। ਉਹ ਆਪਣੇ ਘਰ ਦਾ ਗੁਜ਼ਾਰਾ ਖੇਤੀਬਾੜੀ ਦੀ ਆਮਦਨ ਤੋਂ ਕਰਦੇ ਸਨ। ਬਚਪਨ ਤੋਂ ਹੀ ਉਹ ਦਿਆਲੂ, ਸੱਚ ਦੇ ਪੁਜਾਰੀ, ਈਮਾਨਦਾਰੀ ਦੇ ਪੰਚ, ਸਿੱਧੇ-ਸਾਦੇ ਅਤੇ ਸਰਲ ਸੁਭਾਅ ਦੇ ਮਾਲਕ ਸਨ। ਉਹ ਇਕ ਮਹਾਨ ਸ਼ਖ਼ਸੀਅਤ, ਤ੍ਰਿਲੋਚਨ ਬ੍ਰਾਹਮਣ ਜੋ ਸਾਲਗਰਾਮ ਠਾਕੁਰ ਦੀ ਪੂਜਾ ਕਰਦੇ ਸਨ। ਉਨ੍ਹਾਂ ਦੇ ਸੰਪਰਕ ਵਿਚ ਆਏ ਤਾਂ ਭਗਤ ਧੰਨਾ ਜੀ ਨੇ ਤ੍ਰਿਲੋਚਨ ਜੀ ਨੂੰ ਕਿਹਾ ਕਿ ਉਹ ਵੀ ਠਾਕੁਰ ਦੀ ਪੂਜਾ ਕਰਨਾ ਚਾਹੁੰਦੇ ਹਨ। ਤ੍ਰਿਲੋਚਨ ਬ੍ਰਾਹਮਣ ਜੀ ਨੇ ਪੱਥਰ ਰੂਪੀ ਠਾਕੁਰ ਦੇਣ ਦੇ ਬਦਲੇ ਇਕ ਗਊ ਦੀ ਮੰਗ ਕੀਤੀ। ਉਨ੍ਹਾਂ ਨੇ ਤ੍ਰਿਲੋਚਨ ਨੂੰ ਗਾ ਦੇ ਦਿੱਤੀ ਅਤੇ ਪੱਥਰ ਰੂਪੀ ਠਾਕੁਰ ਲੈ ਲਏ। ਭਗਤ ਧੰਨਾ ਜੱਟ ਜੀ ਭੋਲੇ-ਭਾਲੇ ਅਤੇ ਸੱਚੇ ਇਨਸਾਨ ਸਨ। ਉਨ੍ਹਾਂ ਦੀ ਲਗਨ ਸੱਚੇ ਦਿਲੋਂ ਪ੍ਰਭੂ ਨਾਲ ਜੁੜ ਚੁਕੀ ਸੀ ਇਸ ਕਰਕੇ ਉਨ੍ਹਾਂ ਨੇ ਪੱਥਰ ਰੂਪੀ ਠਾਕੁਰ ਬਦਲੇ ਗਊ ਦੇ ਦਿੱਤੀ। ਭਗਤ ਧੰਨਾ ਜੱਟ ਜੀ ਨੇ ਇਕਾਗਰਚਿੱਤ ਹੋ ਕੇ ਭਗਤੀ ਕੀਤੀ। ਉਨ੍ਹਾਂ ਵਿਚ ਮਾਨਵਤਾ ਰੂਪੀ ਜੋਤ ਜੱਗ ਚੁੱਕੀ ਸੀ ਜਿਸ ਨਾਲ ਸੱਚ-ਖੰਡ ਦੇ ਦਰਵਾਜ਼ੇ ਖੁਲ੍ਹਦੇ ਗਏ। ਇਹ ਵੀ ਪ੍ਰਸੰਗ ਆਉਂਦਾ ਹੈ ਕਿ ਲੱਸੀ ਅਤੇ ਰੋਟੀ ਦਾ ਭੋਗ ਲਗਾ ਕੇ ਪ੍ਰਭੂ ਦੇ ਦਰਸ਼ਨ ਕੀਤੇ। ਉਨ੍ਹਾਂ ਨੂੰ ਆਪਣੇ ਮਨ-ਮੰਦਿਰ 'ਚੋਂ ਇਕ ਅਲੌਕਿਕ ਸ਼ਕਤੀ ਦੇ ਦਰਸ਼ਨ ਹੋਏ ਜਿਸ ਨਾਲ ਉਨ੍ਹਾਂ ਤੇ ਭਗਤੀ ਭਾਵ ਦਾ ਗੂੜ੍ਹਾ ਰੰਗ ਚੜ੍ਹ ਗਿਆ। ਉਹ ਤਨ-ਮਨ, ਰੂਹ ਤੋਂ ਸ਼ੁੱਧ ਅਤੇ ਬਾਹਰੀ ਵਿਕਾਰਾਂ ਤੋਂ ਮੁਕਤ ਹੋ ਚੁਕੇ ਹਨ। ਉਹ ਲੋਕਾਂ ਦੀ ਸੇਵਾ ਵਿਚ ਜੁਟ ਗਏ ਅਤੇ ਇਲਾਕੇ ਵਿਚ ਭਗਤ ਧੰਨਾ ਜੱਟ ਜੀ ਦੇ ਭਗਤੀ-ਭਾਵ ਦੀ ਪ੍ਰਸ਼ੰਸਾ ਅਤੇ ਉਸਤਤ ਦੂਰ-ਦੂਰ ਤੱਕ ਹੋਣ ਲੱਗੀ। ਉਨ੍ਹਾਂ ਨੇ ਪ੍ਰਭੂ ਭਗਤੀ ਦੇ ਅਸ਼ੀਰਵਾਦ ਸਦਕਾ ਬਾਣੀ ਵੀ ਰਚੀ ਅਤੇ ਆਪਣੇ ਗਿਆਨ ਲੇਖਨ ਨੂੰ ਹੋਰ ਮਾਨਵਤਾਵਾਦੀ ਬਣਾਉਣ ਲਈ ਸਵਾਮੀ ਰਾਮਾਨੰਦ ਜੀ ਨੂੰ ਕਾਸ਼ੀ ਵਿਖੇ ਜਾ ਕੇ ਗੁਰੂ ਧਾਰ ਲਿਆ। ਰਾਮਾਨੰਦ ਜੀ ਤੋਂ ਕਈ ਸਾਲ ਸਿੱਖਿਆ ਲੈ ਕੇ ਬ੍ਰਹਮਗਿਆਨ ਨੂੰ ਪ੍ਰਾਪਤ ਹੋਏ ਅਤੇ ਉਚਕੋਟੀ ਦੀ ਬਾਣੀ ਲਿਖੀ। ਲੋਕਾਂ ਨੂੰ ਜੀਵਨ ਦੇ ਸਹੀ ਅਰਥਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਵੱਲੋਂ ਰਚਿਤ ਰਾਗਾਂ ਵਿੱਚ ਚਾਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੋਭਾਏਮਾਨ ਹਨ ਜਿਨ੍ਹਾਂ ਦੀ ਬਦੋਲਤ ਉਹ ਸੰਸਾਰ ਵਿਚ ਅਮਰ ਹਨ। ਉਨ੍ਹਾਂ ਦੇ ਸ਼ਬਦਾਂ ਦੀਆਂ ਕੁਝ ਸਤਰਾਂ ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ॥ ਧੰਨੈ ਧਨੁ ਪਾਇਆ ਧਰਣੀਧਾਰ ਮਿਲਿ ਜਨ ਸੰਤ ਸਮਾਇਆ ਅਤੇ ਪਾਖਣਿ ਕੀਟੁ ਗੁਪਤ ਹੋਇ ਹਰਤਾ ਤਾ ਚੋਂ ਮਾਰਗ ਨਾਹੀ॥ ਕਹੈ ਧੰਨਾ ਪੂਰਨ ਤਾਹੂ ਕੋ ਮਤਰੇ ਜੀਅ ਡਰਾਂਹੀ॥

ਸ਼ੋ੍ਮਣੀ ਭਗਤ ਧੰਨਾ ਜੱਟ ਜੀ ਦੀ ਬਾਣੀ ਵਿਚ ਸਿਮਰਨ, ਭਗਤੀ, ਸਾਦਾ ਜੀਵਨ, ਪ੍ਰਭੂ ਕਿਰਪਾ, ਮਨ, ਨਿਰੰਕਾਰ ਦੀ ਭਗਤੀ, ਸ਼ਰਦਾ ਆਦਿ ਤੱਤਾਂ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਦੇ ਚਾਰ ਸ਼ਬਦ 29 ਤੋਂ 32 ਮਾਤਰਾ ਦੀ ਬਹਿਰ ਵਿੱਚ ਸੰਪੂਰਨ ਹੁੰਦੇ ਹਨ। ਉਨ੍ਹਾਂ ਦਾ ਜਨਮ ਦਿਹਾੜਾ ਹਮੇਸ਼ਾ ਹੀ ਸਮਾਜ ਲਈ ਪਰਮਾਤਮਾ ਪ੍ਰਤੀ ਸ਼ਰਧਾ ਦਾ ਪ੍ਰਤੀਕ ਰਹੇਗਾ

**ਬਲਵਿੰਦਰ ਬਾਲਮ**
ਮੋ. 98156-25409


AMG | SR SEHAJMAN
ਗਦਰੀ ਯੋਧਿਆਂ ਦੀ ਲਾਸਾਨੀ ਕੁਰਬਾਨੀ
ਅਤੇ
ਗੁਰੂ ਨਾਨਕ ਜਹਾਜ਼ ਦੀ ਮਿਸਾਲੀ ਯਾਤਰਾ
ਨੂੰ ਸਮਰਪਿਤ
2ND ANNUAL Punjabi Heritage Mela
ਦੂਜਾ ਸਾਲਾਨਾ ਪੰਜਾਬੀ ਹੈਰੀਟੇਜ ਮੇਲਾ
Anti Racism Awareness
ON SUNDAY 24 MAY 2026
3:00 pm to 5:30 pm
ਮੁੱਖ ਆਕਰਸ਼ਨ
ਨਾਟਕ ਅਤੇ ਦੇਸ਼ ਭਗਤੀ ਗੀਤ ਸੰਗੀਤ
403-680-7589, 403-479-1805, 587-722-3353

MEDIA PARTNER
The Punjabi Newspaper ਪੰਜਾਬੀ ਅਖ਼ਬਾਰ Punjabi Akhbaar
PrimeAsia
VENUE:
FALCONRIDGE/ CASTLERIDGE COMMUNITY ASSOCIATION HALL
95 FALSHIRE DR NE, CALGARY, AB T3J 1P7



MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ

ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
• Wheel Alignment • Differential • Rebuild
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca



SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE

NAVDEEP JASWAL
Financial Advisor
403 909 4141



ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ
ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ

Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Office: 204-987-7300
Email: admin@onestoptrucksales.com
Mob. 204-396-5404



DENTRO CARRIERS LTD
REGINA, SK
HIRING
OWNER OPERATOR
NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM

Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

# ਕਿਤਾਬ ਤੇ ਕੰਪਿਊਟਰ - ਇਨ੍ਹਾਂ ਦਾ ਇਤਿਹਾਸ ਤੇ ਵਰਤੋਂ



**ਡਾ. ਸੁਖਦੇਵ ਸਿੰਘ ਝੰਡ**
ਫ਼ੋਨ : +1 647 567-9128

ਕਿਤਾਬ ਦਾ ਇਤਿਹਾਸ ਲਿਖਾਈ ਅਤੇ ਕਾਗਜ਼ ਦੀਆਂ ਖੋਜਾਂ ਜਿੰਨਾਂ ਹੀ ਪੁਰਾਣਾ ਹੈ। ਅਜੋਕੀ ਪੀੜ੍ਹੀ ਜੋ ਕੰਪਿਊਟਰਾਂ ਅਤੇ ਸੈੱਲਫ਼ੋਨਾਂ ਉੱਪਰ ਉਂਗਲਾਂ ਮਾਰ-ਮਾਰ ਕੇ ਉਨ੍ਹਾਂ ਵਿੱਚੋਂ ਹਰੇਕ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਦੇ ਆਹਰ ਵਿੱਚ ਲੱਗੀ ਹੋਈ ਹੈ, ਉਸ ਨੂੰ ਕਿੱਥੋਂ ਪਤਾ ਹੋਣਾ ਹੈ ਕਿ ਅਜੋਕੀਆਂ ਰੰਗ-ਬਰੰਗੀਆਂ ਜਿਲਦਾਂ ਦੇ ਅੰਦਰ ਸੁੰਦਰ ਫ਼ੌਟਾਂ 'ਚ ਛਪੀਆਂ ਕਿਤਾਬਾਂ ਸ਼ੁਰੂ-ਸ਼ੁਰੂ ਵਿੱਚ ਕਿਹੋ ਜਿਹੀਆਂ ਹੁੰਦੀਆਂ ਸਨ। ਉਨ੍ਹਾਂ ਨੂੰ ਕੀ ਪਤਾ ਹੋਵੇਗਾ ਕਿ ਹਜ਼ਾਰਾਂ ਸਾਲ ਪਹਿਲਾਂ ਕਿਤਾਬਾਂ ਮਿੱਟੀ ਦੀਆਂ ਪਕਾਈਆਂ ਹੋਈਆਂ 'ਪੱਟੀਆਂ' (Clay Tablets), ਉਪਲੱਬਧ ਰੁੱਖਾਂ ਦੀ 'ਛਿੱਲਾਂ'( Barks ), ਪਾਮ ਦੇ ਪੱਤਿਆਂ (Palm Leaves) ਅਤੇ 'ਪੇਪੀਰਸ' (Papyrus) ਰੁੱਖ ਦੇ ਗੁੱਦੇ ਦੀਆਂ ਬਣੀਆਂ ਵੀ ਹੁੰਦੀਆਂ ਸਨ। ਕਾਗਜ਼ ਤੇ ਸਿਆਹੀ ਦੀ ਖੋਜ ਤੋਂ ਬਾਅਦ ਮਨੁੱਖ ਵੱਲੋਂ ਹੱਥਾਂ ਨਾਲ ਬਣਾਏ ਗਏ ਕਾਗਜ਼ ਉੱਪਰ ਖ਼ੁਸ਼ਖ਼ਤ ਲਿਖਾਈ ਵਿੱਚ ਲਿਖੇ ਗਏ 'ਹੱਥ-ਖਰੜੇ' (Manuscripts) ਤਿਆਰ ਹੋਏ, ਜਿਹੜੇ ਹੁਣ ਵੀ ਕਈ ਲਾਇਬ੍ਰੇਰੀਆਂ ਦੇ 'ਦੁਰਲੱਭ ਪੁਸਤਕਾਂ ਤੇ ਖਰੜਿਆਂ ਦੇ ਵਿਭਾਗਾਂ' (Rare Books and Manuscripts Sections) ਅਤੇ 'ਆਰਕਾਈਵਜ਼' (Archives) ਵਿੱਚ ਵੇਖੇ ਭਾਲ਼ੇ ਜਾ ਸਕਦੇ ਹਨ।

ਅਜੋਕੀ ਪੀੜ੍ਹੀ ਤੇ ਆਮ ਪਾਠਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ 'ਪੱਟੀਆਂ' ਉੱਪਰ ਲਿਖੀਆਂ ਗਈਆਂ ਇਹ 'ਕਿਤਾਬਾਂ' (Clay Tablets) ਮੈਸੋਪੋਟੇਮੀਆ ਵਿੱਚ ਲੱਗਭੱਗ ਸਾਢੇ ਪੰਜ ਹਜ਼ਾਰ ਸਾਲ ਪਹਿਲਾਂ ਉਪਲੱਬਧ ਸਨ ਅਤੇ ਇਨ੍ਹਾਂ ਦੀ ਗਿਣਤੀ ਉਦੋਂ ਲੱਖਾਂ ਵਿੱਚ ਸੀ। ਇੰਟਰਨੈੱਟ ਤੋਂ ਪ੍ਰਾਪਤ ਇੱਕ ਜਾਣਕਾਰੀ ਅਨੁਸਾਰ ਉਸ ਸਮੇਂ ਪੰਜ ਲੱਖ ਤੋਂ ਵਧੇਰੇ ਅਜਿਹੀਆਂ 'ਕਿਤਾਬਾਂ' ਮੌਜੂਦ ਸਨ। ਅਮਰੀਕਾ ਵੱਲੋਂ 2003 ਵਿੱਚ ਈਰਾਕ ਉੱਪਰ ਕੀਤੇ ਗਏ ਹਮਲੇ ਦੌਰਾਨ ਅਮਰੀਕੀ ਫ਼ੌਜੀਆਂ ਵੱਲੋਂ ਉੱਥੋਂ ਜਿਹੜੀਆਂ ਕੀਮਤੀ ਚੀਜ਼ਾਂ ਲੁੱਟੀਆਂ ਗਈਆਂ, ਉਨ੍ਹਾਂ ਵਿੱਚ ਅਜਿਹੀਆਂ ਪੌਣੇ ਦੋ ਲੱਖ 'ਪੱਟੀਆਂ'(Clay Tablets) ਵੀ ਸ਼ਾਮਲ ਸਨ। ਇਹ ਅਜੇ ਵੀ ਉੱਥੋਂ ਕਈ ਪੁਰਾਣੀਆਂ ਲਾਇਬ੍ਰੇਰੀਆਂ ਵਿੱਚ ਮੌਜੂਦ ਹਨ। ਇਨ੍ਹਾਂ 'ਪੱਟੀਆਂ' ਨੂੰ ਤਿਆਰ ਕਰਨ ਲਈ ਮਿੱਟੀ ਨੂੰ ਚੰਗੀ ਤਰ੍ਹਾਂ ਗੁੰਨ੍ਹ ਕੇ ਇਸ ਨੂੰ ਨਿੱਕੀ ਜਿਹੀ 'ਸਿਲ਼' ਦਾ ਰੂਪ ਦਿੱਤਾ ਜਾਂਦਾ ਸੀ ਅਤੇ ਇਸ ਇਸ 'ਗਿੱਲੀ ਸਿਲ਼' ਉੱਪਰ ਤਿੱਖੀ ਨੋਕ ਵਾਲੀ ਖ਼ਾਸ ਕਿਸਮ ਦੀ ਖ਼ਾਸ 'ਚੀਜ਼' (Cunei) ਨਾਲ ਅੱਖਰ ਉਕਰੇ ਜਾਂਦੇ ਸਨ। ਫਿਰ ਇਨ੍ਹਾਂ 'ਪੱਟੀਆਂ' (ਛੋਟੀਆਂ-ਛੋਟੀਆਂ ਸਿਲ਼ਾਂ) ਨੂੰ ਅੱਗ ਵਿੱਚ ਪਕਾ ਲਿਆ ਜਾਂਦਾ ਸੀ। ਇਸ ਤੋਂ ਅਗਲੇ ਸਮੇਂ ਦੀ ਗੱਲ ਕਰੀਏ ਤਾਂ ਉਦੋਂ ਲਿਖਾਈ ਰੁੱਖਾਂ ਦੀਆਂ 'ਛਿੱਲਾਂ' ਉੱਪਰ ਵੀ ਕੀਤੀ ਜਾਂਦੀ ਸੀ। ਕਈ ਰੁੱਖਾਂ ਦੀਆਂ ਛਿੱਲਾਂ (Barks) ਅੰਦਰੋਂ ਬੜੀਆਂ ਸਾਫ਼ ਤੇ ਮੁਲਾਇਮ ਹੁੰਦੀਆਂ ਹਨ। ਇਨ੍ਹਾਂ ਨੂੰ ਤਣੇ ਤੋਂ ਲੰਮੇਂ ਰੁਖ਼ ਉਤਾਰ ਕੇ ਸੁਕਾ ਲਿਆ ਜਾਂਦਾ ਸੀ ਅਤੇ ਇਨ੍ਹਾਂ ਉੱਪਰ ਖ਼ੁਸ਼ਖ਼ਤ ਲਿਖਾਈ ਕੀਤੀ ਜਾਂਦੀ ਸੀ। ਉਸ ਤੋਂ ਬਾਅਦ ਲਿਖਣ ਲਈ ਫਿਰ 'ਪੇਪੀਰਸ' ਨਾਂ ਦੇ ਰੁੱਖ ਦੇ ਤਣੇ ਤੇ ਟਾਹਣੀਆਂ ਦਾ 'ਗੁੱਦਾ' ਤਿਆਰ ਕਰਕੇ, ਇਸ ਦੀ ਪਤਲੀ ਜਿਹੀ ਤਹਿ ਬਣਾ ਕੇ ਮੁੱਢਲੇ 'ਕਾਗਜ਼' ਦੇ ਰੂਪ ਵਿੱਚ ਵਰਤਿਆ ਜਾਣ ਲੱਗਾ, ਜਿਸ ਉੱਪਰ ਹੱਥ ਨਾਲ ਖ਼ੁਸ਼ਖ਼ਤ ਲਿਖਾਈ ਕੀਤੀ ਜਾਂਦੀ ਸੀ। ਸਿਆਹੀ ਸੁੱਕਣ ਤੋਂ ਬਾਅਦ ਇਨ੍ਹਾਂ ਨੂੰ ਵਲ੍ਹੇਟ ਕੇ ਇਨ੍ਹਾਂ ਦੇ 'ਸਕਰੋਲ' (Scroll) ਬਣਾ ਲਏ ਜਾਂਦੇ ਸਨ। ਕਾਗਜ਼ ਬਨਾਉਣ ਲਈ ਇਹ 'ਪੇਪੀਰਸ' ਮਿਸਰ ਵਿੱਚ ਲੱਗਭੱਗ ਪੰਜ ਹਜ਼ਾਰ ਸਾਲ ਪਹਿਲਾਂ ਵਰਤਿਆ ਗਿਆ, ਕਿਉਂਕਿ ਨੀਲ ਦਰਿਆ ਦੇ ਕਿਨਾਰੇ ਇਸ ਦੇ ਰੁੱਖ ਉਸ ਸਮੇਂ ਵੱਡੀ ਗਿਣਤੀ ਵਿੱਚ ਮੌਜੂਦ ਸਨ। ਹੱਥ-ਲਿਖਤ ਖਰੜਿਆਂ ਦਾ ਇਹ ਸਿਲਸਿਲਾ ਕਈ ਹਜ਼ਾਰ ਸਾਲ ਚੱਲਦਾ ਰਿਹਾ ਅਤੇ ਬਹੁਤ ਸਾਰੇ ਧਾਰਮਿਕ ਤੇ ਇਤਿਹਾਸਕ ਗ੍ਰੰਥ ਇਸ ਰੂਪ ਵਿੱਚ ਲਿਖੇ ਗਏ ਜੋ ਅੱਜ ਵੀ ਕਈ ਪੁਰਾਣੀਆਂ ਲਾਇਬ੍ਰੇਰੀਆਂ ਤੇ ਆਰਕਾਈਵਜ਼ ਵਿੱਚ ਮੌਜੂਦ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਿਤਾਬ ਨੂੰ ਅਜੋਕੇ ਰੂਪ ਵਿੱਚ ਆਉਣ ਲਈ ਹਜ਼ਾਰਾਂ ਸਾਲ ਲੱਗ ਗਏ।

ਪੁਸਤਕਾਂ ਦੀ ਛਪਾਈ (Printing) ਦੇ ਅਜੋਕੇ ਇਤਿਹਾਸ ਦਾ ਪੰਨਾ ਜਰਮਨੀ ਦੇ ਖੋਜੀ ਬਿਰਤੀ ਦੇ ਮਾਲਕ ਕਿੱਤੇ ਵਜੋਂ 'ਲੋਹਾਰ' ਜੌਹਨਜ਼ ਗਟਨਬਰਗ ਵੱਲੋਂ 1450 ਈਸਵੀ ਵਿੱਚ ਈਜਾਦ ਕੀਤੀ ਗਈ 'ਮੂਵੇਬਲ ਟਾਈਪ ਪ੍ਰਿੰਟਿੰਗ ਪ੍ਰੈੱਸ' (Movable Type Printing ) ਨਾਲ ਆਰੰਭ ਹੁੰਦਾ ਹੈ, ਭਾਵੇਂ ਪ੍ਰਿੰਟਿੰਗ ਇਸ ਤੋਂ ਪਹਿਲਾਂ ਵੀ ਕੀਤੀ ਜਾਂਦੀ ਸੀ, ਪਰ ਉਦੋਂ ਕਿਤਾਬਾਂ ਬਹੁਤ ਘੱਟ ਗਿਣਤੀ ਵਿੱਚ ਛਪਦੀਆਂ ਸਨ। ਇਸ ਪ੍ਰਿੰਟਿੰਗ ਦੇ ਆਉਣ ਨਾਲ ਕਿਤਾਬਾਂ ਵੱਡੀ ਗਿਣਤੀ ਵਿੱਚ ਛਪਣ ਲੱਗੀਆਂ। ਪ੍ਰਿੰਟਿੰਗ ਦੇ ਇਤਿਹਾਸ ਵਿੱਚ 'ਲਾਈਨੋਟਾਈਪ ਪ੍ਰਿੰਟਿੰਗ' (Linotype Printing) 1876 'ਚ, 'ਪੱਥਰ-ਛਾਪ ਪ੍ਰਿੰਟਿੰਗ'(Lithographic Limestone Printing) 1897 'ਚ, ਅਤੇ 'ਆਫ਼ਸੈੱਟ ਪ੍ਰਿੰਟਿੰਗ' (Offset Printing) 1904 ਵਿੱਚ ਸ਼ੁਰੂ ਹੋਣ ਦਾ ਜ਼ਿਕਰ ਆਉਂਦਾ ਹੈ। ਪੰਜਾਬ ਵਿੱਚ ਸੱਭ ਤੋਂ ਪਹਿਲੀ ਪ੍ਰਿੰਟਿੰਗ ਪ੍ਰੈੱਸ 'ਲੁਧਿਆਣਾ ਮਿਸ਼ਨ ਪ੍ਰੈੱਸ' ਦੇ ਅਮਰੀਕਨ ਮਿਸ਼ਨਰੀਆਂ ਵੱਲੋਂ 1835 ਵਿੱਚ ਲਗਾਈ ਗਈ, ਜਿੱਥੇ ਉਨ੍ਹਾਂ ਨੇ ਸੱਭ ਤੋਂ ਪਹਿਲਾਂ 'ਬਾਈਬਲ' ਪੰਜਾਬੀ ਵਿੱਚ ਛਾਪੀ ਅਤੇ ਫਿਰ ਈਸਾਈ ਮੱਤ ਦੇ ਪ੍ਰਚਾਰ ਲਈ ਹੋਰ ਸਾਹਿਤ ਛਾਪਿਆ। ਅਜੋਕੇ ਸਮੇਂ ਵਿੱਚ ਪ੍ਰਿੰਟਿੰਗ ਦੀ ਜੇਕਰ ਗੱਲ ਕਰੀਏ ਤਾਂ ਹੁਣ ਪੁਸਤਕਾਂ ਦੀ ਛਪਾਈ ਵਿੱਚ ਕੰਪਿਊਟਰ ਦੀ ਭਰਪੂਰ ਵਰਤੋਂ ਹੋ ਰਹੀ ਹੈ। ਪਹਿਲੀ ਗੱਲ ਤਾਂ ਕਿਤਾਬ ਦਾ ਸਮੁੱਚਾ 'ਟੈੱਕਸਟ' (Text) ਹੀ ਕੰਪਿਊਟਰ ਉੱਪਰ ਟਾਈਪ ਕੀਤਾ ਜਾਂਦਾ ਹੈ ਅਤੇ ਕਿਤਾਬ ਦਾ ਸਮੁੱਚਾ 'ਖਰੜਾ' ਤਿਆਰ ਕੀਤਾ ਜਾਂਦਾ ਹੈ। ਫਿਰ ਇਸ ਦੀ ਸੀ.ਡੀ. (3 4) ਬਣਾ ਕੇ ਪ੍ਰਿੰਟਰ ਨੂੰ ਭੇਜੀ ਜਾਂਦੀ ਹੈ ਜੋ ਇਸ ਨੂੰ ਪ੍ਰਿੰਟਿੰਗ ਮਸ਼ੀਨ ਨਾਲ ਜੋੜ ਕੇ ਇਸ ਨੂੰ ਲੋੜੀਂਦੀਆਂ 'ਹਦਾਇਤਾਂ' (Programming) ਦੇ ਕੇ ਸੰਬੰਧਿਤ ਕਿਤਾਬ ਦੀਆਂ ਲੋੜ ਅਨੁਸਾਰ ਕਾਪੀਆਂ ਛਾਪਦਾ ਹੈ। ਇਸ ਦੇ ਨਾਲ ਹੀ ਹੁਣ ਤਾਂ 'ਈ-ਬੁੱਕਸ', 'ਈ-ਜਰਨਲਜ਼' ਅਤੇ 'ਈ-ਮੈਗ਼ਜੀਨ' ਵੀ ਆ ਗਏ ਹਨ ਜੋ ਕੰਪਿਊਟਰ 'ਤੇ ਉਪਲੱਬਧ ਹਨ। ਅਸੀਂ ਵੇਖਦੇ ਹਾਂ ਕਿ ਅੱਜਕੱਲ੍ਹ ਡਿਜੀਟਲ ਮੀਡੀਆ ਜ਼ੋਰ ਫੜ੍ਹਦਾ ਜਾ ਰਿਹਾ ਹੈ ਅਤੇ ਕਾਗਜ਼ ਉੱਪਰ ਛਪਣ ਵਾਲੀਆਂ ਕਿਤਾਬਾਂ ਦੀ ਗਿਣਤੀ ਘੱਟਦੀ ਜਾ ਰਹੀ ਹੈ।

ਹੁਣ ਜੇਕਰ ਕੰਪਿਊਟਰ ਦੀ ਗੱਲ ਕਰੀਏ ਤਾਂ ਕਿਤਾਬ ਦੇ ਮੁਕਾਬਲੇ ਕੰਪਿਊਟਰ ਦਾ ਇਤਿਹਾਸ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਤੋਂ ਸ਼ੁਰੂ ਹੁੰਦਾ ਹੈ, ਜਦੋਂ 1920'ਵਿਆਂ ਵਿੱਚ 'ਟਰਮ' (ਵਾਕਅੰਸ਼) 'ਕੰਪਿਊਟਿੰਗ ਮਸ਼ੀਨ' ਹੋਂਦ ਵਿੱਚ ਆਈ। 1940'ਵਿਆਂ ਤੇ 1950'ਵਿਆਂ ਵਿੱਚ ਕਈ ਕਿਸਮ ਦੀਆਂ ਇਲੈੱਕਟਰੌਨਿਕ ਮਸ਼ੀਨਾਂ ਦੇ ਆਉਣ 'ਤੇ ਇਹ ਟਰਮ ਹੌਲ਼ੀ ਹੌਲ਼ੀ 'ਕੰਪਿਊਟਰ' 'ਚ ਬਦਲ ਗਈ। ਕੰਪਿਊਟਰਾਂ ਦੀ ਸ਼੍ਰੇਣੀ 'ਚ ਪਹਿਲਾਂ 'ਐਨਾਲਾਗ' (ANALOG) ਕੰਪਿਊਟਰ' ਆਏ ਤੇ ਫਿਰ ਉਸ ਤੋਂ ਬਾਅਦ ਹੌਲ਼ੀ-ਹੌਲ਼ੀ 'ਐਨੀਏਕ' (ENVAC), 'ਐਡਵਾਕ' (EDVAC) , 'ਐਡਸੈਕ' (EDSAC) ਤੇ 'ਬਾਈਨੈਕ' (BINAC) ਕੰਪਿਊਟਰਾਂ ਦੀ ਵਾਰੀ ਆਈ। ਅਸੀਂ ਇਨ੍ਹਾਂ ਦੇ ਵਿਸਥਾਰ 'ਚ ਨਹੀਂ ਜਾਂਦੇ, ਕਿਉਂਕਿ ਇਹ ਆਪਣੇ ਆਪ ਵਿੱਚ ਲੰਮੀ ਕਹਾਣੀ ਹੈ ਤੇ ਇਹ ਇੱਥੇ ਬਿਆਨ ਕਰਨ ਦੀ ਲੋੜ ਨਹੀਂ ਹੈ।

ਅਸੀਂ ਸਿੱਧੇ 1980'ਵਿਆਂ ਤੇ 1990'ਵਿਆਂ ਵੱਲ ਆਉਂਦੇ ਹਾਂ ਜਦੋਂ ਕੰਪਿਊਟਰ ਦੀ ਵਰਤੋਂ 'ਸ਼ਬਦ-ਬਣਤਰ' (ਵਰਡ-ਪ੍ਰਾਸੈੱਸਿੰਗ) ਲਈ ਹੋਣ ਲੱਗੀ। 1989 ਵਿੱਚ 'ਐਪਲ' ਨਾਂ ਦੀ ਕੰਪਨੀ ਨੇ 'ਪੋਰਟੇਬਲ ਲੈਪਟਾਪ' ਤਿਆਰ ਕੀਤਾ ਜਿਸ ਦਾ ਭਾਰ 7.2 ਕਿਲੋਗਰਾਮ (16 ਪੌਂਡ) ਅਤੇ ਇਸ ਦੀ ਕੀਮਤ 7,300 ਅਮਰੀਕੀ ਡਾਲਰ ਸੀ, ਜਦਕਿ 1980-1990 ਦੇ ਦਹਾਕੇ ਦੌਰਾਨ ਆਈ.ਬੀ.ਐੱਮ. ਕੰਪਨੀ ਦੇ 'ਬਿਜ਼ਨੈੱਸ ਸਿਸਟਮ ਸੈਂਟਰ' ਵੱਲੋਂ ਬਿਜ਼ਨੈੱਸ ਦੇ ਮੰਤਵ ਲਈ ਤਿਆਰ ਕੀਤੇ ਗਏ 'ਮਾਈਕਰੋਪ੍ਰੌਸੈੱਸਰ ਕੰਪਿਊਟਰਾਂ' ਦੀ ਕੀਮਤ ਲੱਗਭੱਗ 14,000 ਡਾਲਰ ਸੀ। ਇਸ ਤੋਂ ਭਲੀ-ਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਤੋਂ ਪਹਿਲੇ ਮੁੱਢਲੇ ਵੱਡੇ ਕੰਪਿਊਟਰ ਜੋ ਇੱਕ ਕਮਰੇ ਵਿੱਚ ਮਸਾਂ ਇੱਕ-ਇੱਕ ਹੀ ਸਮਾਏ ਜਾਂਦੇ ਸਨ, ਕਿਸ ਕਿਸਮ ਦੇ ਹੋਣਗੇ ਤੇ ਇਨ੍ਹਾਂ ਦੀ ਕੀਮਤ ਕਿੰਨੀ ਹੁੰਦੀ ਹੋਵੇਗੀ। ਉੱਪਰੋਂ ਇਨ੍ਹਾਂ ਵਿੱਚ ਪਏ ਨੁਕਸਾਂ ਦਾ ਵੀ ਜਲਦੀ ਪਤਾ ਨਹੀਂ ਸੀ ਲੱਗਦਾ। ਕਹਿੰਦੇ ਹਨ ਕਿ ਇਕ ਵਾਰ ਅਜਿਹੇ ਕੰਪਿਊਟਰ ਵਿੱਚ ਕੋਈ ਨੁਕਸ ਪੈ ਗਿਆ ਅਤੇ ਕੰਪਿਊਟਰ ਵਿਗਿਆਨੀਆਂ ਨੂੰ ਇਸ ਦੀ ਸਮਝ ਨਾ ਲੱਗੇ, ਪਈ ਨੁਕਸ ਕੀ ਹੈ ਤੇ ਇਹ ਕਿੱਥੇ ਹੈ ? ਹਾਰ-ਹੰਭ ਕੇ ਬੈਠ ਕੇ ਉਹ ਆਰਾਮ ਕਰਨ ਲੱਗ ਪਏ। ਫਿਰ ਅਚਾਨਕ ਇੱਕ ਵਿਗਿਆਨੀ ਦਾ ਧਿਆਨ ਜਦੋਂ ਕਮਰੇ ਵਿੱਚ ਵਿਛੀਆਂ ਕੰਪਿਊਟਰ ਦੀਆਂ ਤਾਰਾਂ ਉੱਪਰ ਪਿਆ ਤਾਂ ਉਸ ਨੂੰ ਉਨ੍ਹਾਂ ਦੇ ਨੇੜੇ ਇੱਕ ਮਰਿਆ ਹੋਇਆ ਚੂਹਾ ਦਿਸਿਆ ਅਤੇ ਨਾਲ ਹੀ ਕੁਝ ਤਾਰਾਂ ਵੀ ਟੁੱਕੀਆਂ ਹੋਈਆਂ ਨਜ਼ਰੀਂ ਪਈਆਂ ਜੋ ਉਸ ਚੂਹੇ ਨੇ ਟੁੱਕ ਛੱਡੀਆਂ ਸਨ। ਇਸ ਤੋਂ ਬਾਅਦ ਕੰਪਿਊਟਰ ਦੇ ਕਈ ਸੁਧਰੇ ਹੋਏ ਰੂਪ ਮਾਰਕੀਟ 'ਚ ਆਏ। ਵੱਖ-ਵੱਖ ਕੰਪਨੀਆਂ ਵਿਚਕਾਰ ਚੱਲ ਰਹੀ ਮੁਕਾਬਲੇਬਾਜ਼ੀ ਅਤੇ ਇਨ੍ਹਾਂ ਕੰਪਿਊਟਰਾਂ ਵਿੱਚ ਵਰਤੀ ਜਾਣ ਵਾਲੀ ਤਕਨਾਲੌਜੀ ਵਿੱਚ ਹੋਈ ਨਵੀਂ ਖੋਜ ਕਾਰਨ ਕਾਰਨ ਇਨ੍ਹਾਂ ਕੰਪਿਊਟਰਾਂ ਦੀਆਂ ਕੀਮਤਾਂ ਘੱਟਣੀਆਂ ਸ਼ੁਰੂ ਹੋ ਗਈਆ। ਖ਼ੈਰ, ਆਪਾਂ ਇਹਦੇ ਵਿੱਚੋਂ ਕੀ ਕੱਢਣਾ/ਪਾਉਣਾ ਹੈ ਅਤੇ ਅਸੀਂ ਪੜ੍ਹਾਈ-ਲਿਖਾਈ ਲਈ ਕੰਪਿਊਟਰ ਦੀ ਵਰਤੋਂ ਦੀ ਗੱਲ ਕਰਦੇ ਹਾਂ।

ਅੱਜਕੱਲ੍ਹ ਪੁਸਤਕਾਂ ਕਾਗਜ਼ ਉੱਪਰ ਨਹੀਂ, ਸਗੋਂ ਸਿੱਧੀਆਂ ਕੰਪਿਊਟਰਾਂ 'ਤੇ ਹੀ ਲਿਖੀਆਂ ਜਾ ਰਹੀਆਂ ਹਨ ਅਤੇ ਇਸ ਦੇ ਲਈ ਕਈ 'ਸਾਫ਼ਟਵੇਅਰ' ਵੀ ਹੋਂਦ ਵਿੱਚ ਆ ਗਏ ਹਨ। ਪਹਿਲਾਂ ਇਹ ਕੰਪਿਊਟਰ ਦੇ 'ਵਰਡ-ਪੈਡ' ਉੱਪਰ ਕੇਵਲ ਟਾਈਪ ਹੀ ਕੀਤੀਆਂ ਜਾਂਦੀਆਂ ਸਨ, ਪਰ ਹੁਣ ਇਹ ਸਾਫ਼ਟਵੇਅਰ ਕਿਤਾਬਾਂ ਲਿਖਣ ਵਿੱਚ ਵੀ ਸਹਾਇਤਾ ਕਰ ਰਹੇ ਹਨ ਅਤੇ ਏ.ਆਈ. ਇਸ ਕੰਮ ਵਿੱਚ ਮੋਹਰਲੀ ਭੂਮਿਕਾ ਨਿਭਾ ਰਹੀ ਹੈ। ਉਹ ਲੇਖਕਾਂ ਵੱਲੋਂ ਆਏ ਵਿਚਾਰਾਂ ਨੂੰ ਇੱਕ ਲੜੀ ਵਿੱਚ ਪਰੋ ਕੇ ਪੇਸ਼ ਕਰ ਰਹੀ ਹੈ ਅਤੇ ਇਸ ਦੇ ਹੀ ਨਾਲ ਮਿਲ਼ਦੇ-ਜੁਲ਼ਦੇ ਕਈ ਹੋਰ ਵਿਚਾਰ ਵੀ ਉਸ ਵਿੱਚ ਲਿਆ ਧਰਦੀ ਹੈ। ਉਹ ਲੇਖਕਾਂ ਦੀ ਇੱਛਾਵਾਂ ਅਨੁਸਾਰ ਕਵਿਤਾਵਾਂ, ਕਹਾਣੀਆਂ ਅਤੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਆਰਟੀਕਲ (ਲੇਖ) ਉਨ੍ਹਾਂ ਅੱਗੇ ਪੇਸ਼ ਕਰ ਰਹੀ ਹੈ। ਇਸ ਤਰ੍ਹਾਂ ਕਿਤਾਬ ਲਿਖਣ ਤੇ ਛਾਪਣ ਦਾ ਕੰਮ ਬਹੁਤ ਆਸਾਨ ਹੋ ਗਿਆ ਹੈ ਅਤੇ ਹੁਣ ਹਜ਼ਾਰਾਂ ਨਹੀਂ, ਸਗੋਂ ਲੱਖਾਂ ਦੀ ਗਿਣਤੀ ਵਿੱਚ 'ਈ-ਬੁੱਕਸ' ਛਾਪੀਆਂ ਜਾ ਰਹੀਆਂ ਹਨ। ਇਹ ਈ-ਬੁੱਕਸ ਇੰਟਰਨੈੱਟ ਦੀ ਸਹਾਇਤਾ ਨਾਲ ਲੈਪਟੌਪਾਂ ਅਤੇ ਸਮਾਰਟ ਫ਼ੋਨਾਂ ਵਿੱਚ ਵੇਖੀਆਂ ਤੇ ਪੜ੍ਹੀਆਂ ਜਾ ਸਕਦੀਆਂ ਹਨ। ਹੁਣ ਤਾਂ ਬੋਲਣ ਵਾਲੀਆਂ ਕਿਤਾਬਾਂ ਵੀ ਆ ਗਈਆਂ ਹਨ ਜੋ ਬੈੱਡ 'ਤੇ ਲੰਮੇਂ ਪੈ ਕੇ ਬੜੇ ਆਰਾਮ ਨਾਲ ਸੁਣੀਆਂ ਜਾ ਸਕਦੀਆਂ ਹਨ।

ਜੇਕਰ ਕਾਗ਼ਜ਼ ਅਤੇ ਕੰਪਿਊਟਰ ਉੱਪਰ ਉਪਲੱਬਧ ਕਿਤਾਬਾਂ ਦੇ ਪੜ੍ਹਨ ਬਾਰੇ ਗੱਲ ਕਰੀਏ ਤਾਂ ਮੇਰਾ ਤਾਂ ਇਹ ਖ਼ਿਆਲ ਹੈ ਕਿ ਜੋ ਮਜ਼ਾ ਕਾਗ਼ਜ਼ਾਂ ਉੱਪਰ ਛਪੀ ਹੋਈ ਜਿਲਦਬੰਦੀ ਵਾਲੀ ਕਿਤਾਬ ਨੂੰ ਪੜ੍ਹਨ ਵਿੱਚ ਆਉਂਦਾ ਹੈ, ਉਹ ਕੰਪਿਊਟਰ ਉੱਪਰ ਉਪਲੱਬਧ 'ਈ-ਬੁੱਕ' ਜਾਂ ਕਿਸੇ ਛਪੀ ਹੋਈ ਕਿਤਾਬ ਦੇ ਪੀ.ਡੀ.ਐੱਫ. ਨੂੰ ਪੜ੍ਹਨ 'ਚ ਨਹੀਂ ਹੈ। ਜਿਲਦਬੰਦੀ ਵਾਲੀ ਕਿਤਾਬ ਨੂੰ ਅਸੀਂ ਸੋਫ਼ੇ ਜਾਂ ਕੁਰਸੀ 'ਤੇ ਬੈਠ ਕੇ, ਮੇਜ਼ ਉੱਪਰ ਟਿਕਾ ਕੇ ਪੜ੍ਹ ਸਕਦੇ ਹਾਂ ਅਤੇ ਜਦੋਂ ਬੈਠੇ-ਬੈਠੇ ਥੱਕ ਜਾਈਏ ਤਾਂ ਬੈੱਡ 'ਤੇ ਲੇਟ ਕੇ ਸਿਰ ਹੇਠ ਵੱਡਾ ਸਿਰਹਾਣਾ ਰੱਖ ਕੇ ਬੜੇ ਆਰਾਮ ਨਾਲ ਪੜ੍ਹ ਸਕਦੇ ਹਾਂ। ਹੋਰ ਵੀ 'ਆਰਾਮਦਾਇਕ ਪੋਜ਼ੀਸ਼ਨ' ਲਈ ਇਹ ਸਿਰਹਾਣੇ ਇੱਕ ਦੀ ਬਜਾਇ ਦੋ ਵੀ ਰੱਖੇ ਜਾ ਸਕਦੇ ਹਨ। ਫਿਰ ਜਦੋਂ ਜੀਅ ਕਰੇ, ਲੱਤਾਂ ਪਿਛਾਂਹ ਖਿੱਚ ਕੇ ਅਤੇ ਗੋਡਿਆਂ ਨੂੰ ਥੋੜ੍ਹਾ ਜਿਹਾ ਉੱਪਰ ਕਰਕੇ ਕਿਤਾਬ ਨੂੰ ਗੋਡਿਆਂ ਉੱਪਰ ਟਿਕਾਅ ਕੇ ਇਹ ਹੋਰ ਵੀ ਆਰਾਮ ਨਾਲ ਪੜ੍ਹੀ ਜਾ ਸਕਦੇ ਹਾਂ। ਲੰਮੇਂ ਪਿਆਂ-ਪਿਆਂ ਹੀ ਜਦੋਂ ਮਰਜ਼ੀ ਸਰੀਰ ਨੂੰ ਖੱਬੇ ਜਾਂ ਸੱਜੇ ਪਾਸੇ ਥੋੜ੍ਹਾ ਜਿਹਾ ਘੁੰਮਾ ਕੇ ਕਿਤਾਬ ਨੂੰ ਹੱਥ ਵਿੱਚ ਫੜ੍ਹ ਕੇ ਪੜ੍ਹਨ ਦਾ ਆਪਣਾ ਹੀ ਮਜ਼ਾ ਹੈ। 'ਡੈੱਸਕਟੌਪ', 'ਲੈਪਟੌਪ' ਜਾਂ 'ਆਈਪੈਡ' ਤੋਂ ਇਸ ਤਰ੍ਹਾਂ ਵੱਖ-ਵੱਖ ਪੋਜ਼ੀਸ਼ਨਾਂ ਤੋਂ ਪੜ੍ਹ ਸਕਣਾ ਆਸਾਨ ਨਹੀਂ ਹੈ। ਏਸੇ ਲਈ ਮੇਰੇ ਵਰਗੇ ਬਹੁਤੇ ਪਾਠਕ ਕਿਤਾਬ ਬੈੱਡ 'ਤੇ ਲੇਟ ਕੇ ਕਿਤਾਬ ਪੜ੍ਹਨ ਨੂੰ ਵਧੇਰੇ ਤਰਜੀਹ ਦਿੰਦੇ ਹਨ।

ਇਸ ਤੋਂ ਇਲਾਵਾ ਸੈੱਲਫ਼ੋਨ ਉੱਪਰ ਕਿਤਾਬ ਦੇ ਅੱਖਰ ਹੱਥ ਦੀਆਂ ਉਂਗਲ਼ਾਂ ਨਾਲ ਵੱਡੇ-ਛੋਟੇ ਕਰਨੇ ਪੈਂਦੇ ਹਨ। ਇਸ ਤਰ੍ਹਾਂ ਕਰਦਿਆਂ ਉਹ ਕਿਤਾਬ ਕਈ ਵਾਰੀ ਸੈੱਲਫ਼ੋਨ ਦੀ ਸਕਰੀਨ ਤੋਂ ਗਾਇਬ ਹੋ ਜਾਂਦੀ ਹੈ ਅਤੇ ਉਸ ਨੂੰ ਮੁੜ ਲੱਭਣਾ ਪੈਂਦਾ ਹੈ। ਇੰਜ, 'ਲੱਭਣ-ਲਭਾਉਣ' ਦੇ ਚੱਕਰ 'ਚ ਅਤੇ ਉਸਨੂੰ ਮੁੜ ਕੇ 'ਸੈੱਟ' ਕਰਨ ਵਿੱਚ ਕਾਫ਼ੀ ਸਮਾਂ ਖ਼ਰਾਬ ਹੋ ਜਾਂਦਾ ਹੈ ਅਤੇ ਸਾਡੇ ਚੰਚਲ ਦਿਮਾਗ਼ ਨੂੰ ਖਿਝ ਵੀ ਚੜ੍ਹਦੀ ਹੈ। ਵੈਸੇ ਵੀ, ਲੈਪਟੌਪ ਜਾਂ ਸੈੱਲਫ਼ੋਨ ਦੀ ਸਕਰੀਨ ਉੱਪਰ ਕਿਤਾਬ ਪੜ੍ਹਦੇ ਸਮੇਂ ਅੱਖਾਂ ਨੂੰ ਕਾਫ਼ੀ 'ਦਬਾਅ' (ਸਟਰੈੱਸ) ਦਾ ਸਾਹਮਣਾ ਕਰਨਾ ਪੈਂਦਾ ਹੈ। ਹੋਰ ਕਿਸੇ ਬਾਰੇ ਤਾਂ ਮੈਂ ਕੁਝ ਨਹੀਂ ਕਹਿ ਸਕਦਾ, ਪਰ ਮੇਰੇ ਲਈ ਇਹ ਬੜਾ ਜੋਖ਼ਮ ਭਰਿਆ ਹੁੰਦਾ ਹੈ। ਕਈ ਦੋਸਤਾਂ ਵੱਲੋਂ ਭੇਜੇ ਗਏ ਉਨ੍ਹਾਂ ਦੀਆਂ ਆਪਣੀਆਂ ਜਾਂ ਹੋਰ ਕਿਸੇ ਦੀਆਂ ਕਿਤਾਬਾਂ ਦੇ ਪੀ.ਡੀ.ਐੱਫ. ਮੇਰੇ ਕੋਲੋਂ ਪੜ੍ਹਨ ਖੁਣੋਂ ਰਹਿ ਜਾਂਦੇ ਹਨ ਅਤੇ ਮੈਂ ਉਨ੍ਹਾਂ ਨੂੰ ਕਿਤਾਬਾਂ ਦੀਆਂ 'ਹਾਰਡ ਕਾਪੀਆਂ' ਡਾਕ ਰਾਹੀਂ ਭੇਜਣ ਲਈ ਬੇਨਤੀ ਕਰਦਿਆਂ ਕਹਿੰਦਾ ਹਾਂ, ਬਈ, ਆਪਾਂ ਡਾਕ-ਖ਼ਰਚਾ ਅੱਧਾ-ਅੱਧਾ ਕਰ ਲਵਾਂਗੇ ਜਾਂ ਭਾਵੇਂ ਇਹ ਸਾਰਾ ਹੀ ਮੇਰੇ ਖ਼ਾਤੇ ਪਾ ਦਿਓ, ਪਰ ਆਪਣੀ ਕਿਤਾਬ ਕਿਰਪਾ ਕਰਕੇ ਮੈਨੂੰ ਡਾਕ ਰਾਹੀਂ ਭੇਜਿਆ ਕਰੋ।

ਕਿਤਾਬਾਂ ਬਾਰੇ ਇੱਕ ਰੌਚਕ ਗੱਲ ਹੋਰ ਵੀ ਹੈ। ਲਾਇਬ੍ਰੇਰੀ ਵਿੱਚ ਕਿਤਾਬਾਂ ਪੜ੍ਹਦਿਆਂ ਵਿਦਿਆਰਥੀ 'ਮੁੰਡੇ-ਕੁੜੀਆਂ' ਦੀਆਂ ਨਵੀਆਂ 'ਦੋਸਤੀਆਂ' ਬਣਦੀਆਂ ਹਨ ਜੋ ਕਈ ਵਾਰੀ ਅੱਗੋਂ 'ਪ੍ਰੇਮ-ਕਹਾਣੀਆਂ' ਵਿੱਚ ਬਦਲ ਜਾਂਦੀਆਂ ਹਨ। ਕਈ ਵਾਰ ਨਿੱਜੀ ਕਿਤਾਬਾਂ ਦੇ ਆਦਾਨ-ਪ੍ਰਦਾਨ ਸਮੇਂ ਉਨ੍ਹਾਂ ਵਿੱਚ 'ਸੁਕਾਏ ਹੋਏ ਫੁੱਲ' ਅਤੇ ਪ੍ਰੇਮ-ਪਿਆਰ ਦੇ ਸੁਨੇਹਿਆ ਵਾਲੇ 'ਰੁੱਕੇ' ਵੀ ਛੁਪਾ ਕੇ ਉਨ੍ਹਾਂ ਵੱਲੋਂ ਇਕ ਦੂਸਰੇ ਨੂੰ ਦਿੱਤੇ ਜਾਂਦੇ ਹਨ। ਅਜਿਹਾ ਫ਼ਿਲਮਾਂ ਵਿੱਚ ਵੀ ਕਈ ਵਾਰ ਵਿਖਾਇਆ ਜਾਂਦਾ ਹੈ। ਪ੍ਰਸਿੱਧ ਹਿੰਦੀ ਫ਼ਿਲਮੀ ਗੀਤਕਾਰ ਗੁਲਜ਼ਾਰ ਵੱਲੋਂ ਆਪਣੀ ਇਸ ਉਰਦੂ ਕਵਿਤਾ ਵਿੱਚ ਇਸ ਸਥਿਤੀ ਨੂੰ ਬਾਖ਼ੂਬੀ ਦਰਸਾਇਆ ਗਿਆ ਹੈ, ਜਦੋਂ ਉਹ ਕਹਿੰਦੇ ਹਨ:

**ਵੋ ਸਾਰਾ ਆਲਮ ਤੋਂ ਮਿਲਤਾ ਰਹੇਗਾ ਆਇੰਦਾ ਭੀ**
**ਮਗਰ ਵੋ ਕਿਤਾਬੋਂ ਮੇਂ ਮਿਲਾ ਕਰਤੇ ਥੇ ਜੋ ਸੂਕੇ ਫੂਲ**
**ਔਰ ਮਹਿਕੇ ਹੂਏ ਰੁੱਕੇ**
**ਕਿਤਾਬ ਮਾਂਗਨੇ, ਗਿਰਾਨੇ, ਉਠਾਨੇ ਕੇ ਬਹਾਨੇ**
**ਜੋ ਬਨਤੇ ਥੇ ਰਿਸ਼ਤੇ**
**ਉਨ ਰਿਸ਼ਤੋਂ ਕਾ ਅਬ ਕਿਆ ਹੋਗਾ ?**

ਗੁਲਜ਼ਾਰ ਸਾਹਿਬ ਦੀ ਇਹ ਚਿੰਤਾ ਬੜੀ ਵਾਜਬ ਲੱਗਦੀ ਹੈ। ਲੈਪਟੌਪ ਜਾਂ ਸੈੱਲਫ਼ੋਨ ਨਾਲ ਹੋਰ ਤਾਂ ਬੜਾ ਕੁਝ ਸੰਭਵ ਹੈ, ਪਰ ਇਹ ਕਿਵੇਂ ਸੰਭਵ ਹੋ ਸਕਦਾ ਹੈ ਜੋ ਕੇਵਲ ਕਿਤਾਬਾਂ ਹੀ ਕਰ ਸਕਦੀਆਂ ਹਨ।

ਅਸੀਂ ਵੇਖਦੇ ਹਾਂ ਕਿ ਅਜੋਕੇ ਸਮੇਂ ਵਿੱਚ ਪੜ੍ਹਨ-ਲਿਖਣ ਲਈ ਭਾਵੇਂ ਕੰਪਿਊਟਰਾਂ ਤੇ ਸੈੱਲਫ਼ੋਨਾਂ ਦੀ ਵਰਤੋਂ ਵੱਧ ਗਈ ਹੈ ਅਤੇ ਆਉਂਦੇ ਸਮੇਂ ਵਿੱਚ ਇਹ ਹੋਰ ਵੀ ਵਧੇਰੇ ਹੋਣ ਦੀ ਸੰਭਾਵਨਾ ਹੈ, ਪਰ ਫਿਰ ਵੀ ਸੋਸ਼ਲ-ਮੀਡੀਆ ਦੇ ਇਸ ਯੁਗ ਵਿੱਚ ਕਿਤਾਬਾਂ ਦੀ ਭਰੋਸੇ-ਯੋਗਤਾ ਪਹਿਲਾਂ ਵਾਂਗ ਬਰਕਰਾਰ ਹੈ। ਇਸ ਦੇ ਕਈ ਕਾਰਨ ਹਨ। ਅਜੋਕੇ ਲੇਖਕ ਆਪਣੀ ਕਿਤਾਬ ਦਾ ਵਿਸ਼ਾ-ਵਸਤੂ ਬੜੀ ਗੰਭੀਰਤਾ ਨਾਲ਼ ਸੋਚ-ਵਿਚਾਰ ਕੇ ਚੁਣਦੇ ਹਨ। ਇਸ ਦੇ ਨਾਲ ਉਹ ਹੋਰ ਵਿਦਵਾਨਾਂ ਨਾਲ਼ ਇਸ ਦੇ ਬਾਰੇ ਸਲਾਹ-ਮਸ਼ਵਰਾ ਕਰਦੇ ਹਨ ਅਤੇ ਉਨ੍ਹਾਂ ਕੋਲੋਂ ਆਪਣੇ ਖਰੜਿਆਂ ਦੀ ਸੋਧ-ਸੁਧਾਈ ਤੇ ਦਰੁਸਤੀ ਵੀ ਕਰਵਾਉਂਦੇ ਹਨ ਤੇ ਫਿਰ ਗੰਭੀਰਤਾ ਨਾਲ਼ ਉਸਨੂੰ ਛਪਵਾਉਣ ਦਾ ਕੰਮ ਕਰਦੇ ਹਨ। ਇਹ ਸਾਰੀਆਂ ਕਿਰਿਆਵਾਂ ਕਿਤਾਬ ਨੂੰ ਮਿਆਰੀ ਤੇ ਪਾਠਕਾਂ ਲਈ ਲਾਭਕਾਰੀ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ। ਪਰ ਦੂਸਰੇ ਪਾਸੇ ਡਿਜੀਟਲ ਮੀਡੀਆ ਇਨ੍ਹਾਂ ਵਿੱਚੋਂ ਕਿਸੇ ਵੀ ਗੱਲ 'ਤੇ ਪੂਰਾ ਨਹੀਂ ਉਤਰ ਸਕਦਾ। ਇਸ ਲਈ ਕਿਤਾਬਾਂ ਦੀ ਮਹੱਤਤਾ ਨੂੰ ਕਿਸੇ ਵੀ ਤਰ੍ਹਾਂ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬਹੁਤ ਸਾਰੇ ਪੁਰਾਣੇ ਪੁਰਾਤਨ ਗ੍ਰੰਥ ਅੱਜ ਵੀ ਓਨੇ ਹੀ ਮਹੱਤਵਪੂਰਨ ਹਨ ਅਤੇ ਭਵਿੱਖ ਵਿੱਚ ਵੀ ਇਨ੍ਹਾਂ ਦੀ ਮਹੱਤਤਾ ਇੰਜ ਹੀ ਬਣੀ ਰਹੇਗੀ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS


ਗੱਲ ਤਾਂ ਪਰਦੇ ਦੀ ਹੀ ਹੈ !
TWC
TIMELESS WINDOW COVERINGS
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਕਾਲ: 403 953 1000
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ ।
E Mail: Contact@twcoverings.com
Web: www.twcoverings.com
Timelesswindowcoverings